T-27

ਜੈ ਗੁਰੂਦੇਵ !

ਧੰਨ ਗੁਰੂਦੇਵ !



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਝੂਠੇ ਸਗਲ ਪਾਸਾਰੇ

For Whats Apps Contact : 89684-89731

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋਬਾਇਲ - 98148-39944 (ਰਜਿ. ਨੰ. 179-2006-07)


ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 27/ ਪਹਿਲੀ ਵਾਰ 8000/ ਫਰਵਰੀ 2015 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ




# ਨਾਮੁ ਤੇਰੋ ਆਰਤੀ
# ਮਜਨੁ ਮੁਰਾਰੇ ॥
# ਹਰਿ ਕੇ ਨਾਮ ਬਿਨੁ ਝੂਠੇ
# ਸਗਲ ਪਾਸਾਰੇ ॥

ਪੜ੍ਹਾਂ ਆਰਤੀ ਸ਼ਾਮ ਸਵੇਰੇ,
ਮਨ ਮੰਦਰ ਵਿਚ ਵਸ ਜਾਏ ਮੇਰੇ।
ਨਾਮ ਦੇ ਭਾਵ ਨੂੰ ਜੇ ਸਭ ਸਮਝਣ,
ਹੋ ਜਾਏ ਚਾਨਣ ਚਾਰ ਚੁਫ਼ੇਰੇ।
ਪੜ੍ਹਾਂ ਆਰਤੀ ਸ਼ਾਮ ਸਵੇਰੇ,
ਪੜ੍ਹਾਂ ਆਰਤੀ ਸ਼ਾਮ ਸਵੇਰੇ।



# ਸ੍ਰੀ ਗੁਰੂ ਰਵਿਦਾਸ ਜੀ ਅਤੇ ਬਾਦਸ਼ਾਹ ਸਿਕੰਦਰ ਲੋਧੀ ਗੋਸ਼ਟੀ



ਡਾ. ਲੇਖ ਰਾਜ ਪਰਵਾਨਾ


ਸ੍ਰੀ (ਗੁਰੂ) ਰਵਿਦਾਸ ਅਤੇ (ਗੁਰੂ) ਕਬੀਰ ਸਾਹਿਬ ਦੀ ਜੀਵਨ-ਗਾਥਾ ਸਿਕੰਦਰ ਲੋਧੀ, ਜੋ ਉਨ੍ਹਾਂ ਦਾ ਸਮਕਾਲੀ ਸੀ, ਨਾਲ ਜੋੜੀ ਜਾਂਦੀ ਹੈ। ਕਬੀਰ ਸਾਹਿਬ ਅਤੇ ਗੁਰੂ ਰਵਿਦਾਸ ਨੂੰ ਮੁਸਲਮਾਨ ਬਣਾਉਣ ਲਈ ਭਰਪੂਰ ਯਤਨ ਕੀਤੇ ਗਏ ਸਨ, ਪਰ ਉਹ ਨਹੀਂ ਸਨ ਮੰਨੇ (ਗੁਰੂ) ਕਬੀਰ ਸਾਹਿਬ ਜੀ ਨੂੰ ਸ਼ਰਾਬੀ ਹਾਥੀ ਅੱਗੇ ਸੁੱਟਿਆ ਗਿਆ ਪਰ ਹਾਥੀ ਨੇ ਆਪਣੀ ਆਤਮਿਕ ਸੂਝ ਆਸਰੇ (ਗੁਰੂ) ਕਬੀਰ ਸਾਹਿਬ ਨੂੰ ਨਾ ਮਾਰਿਆ ਫਿਰ ਬੋਰੀ ਵਿਚ ਪਾ ਕੇ ਦਰਿਆ ਵਿਚ ਸੁੱਟਣ ਦਾ ਪ੍ਰਯਤਨ ਕੀਤਾ ਗਿਆ, ਪਰ ਤਾਂ ਵੀ ਉਹ ਪ੍ਰਭੂ ਕਿਰਪਾ ਨਾਲ ਬਚ ਗਏ। ਇਸੇ ਤਰ੍ਹਾਂ ਸੰਤ ਰਵਿਦਾਸ ਨੂੰ ਖੂਨੀ ਕੋਠੜੀ ਵਿਚ ਬੰਦ ਕੀਤਾ ਗਿਆ, ਪਰ ਲੋਕਾਂ ਨੂੰ ਉਹ ਇਉਂ ਜਾਪੇ ਜਿਵੇਂ ਉਹ ਤਖਤ 'ਤੇ ਬੈਠੇ ਹੋਣ। ਜੇਲ੍ਹ ਵਾਲਿਆਂ ਵੀ ਇਹ ਕੌਤਕ ਦੇਖਿਆ। ਜਦੋਂ ਸਿਕੰਦਰ ਲੋਧੀ ਨੂੰ ਪਤਾ ਲੱਗ ਗਿਆ ਕਿ ਇਹ ਦੋਵੇਂ ਸੰਤ ਪਰਿਪੂਰਨ ਗੁਰੂ ਹਨ ਅਤੇ ਗਿਆਨਵਾਨ ਹਨ ਤਾਂ ਉਸ ਨੇ ਆਪਣੀ ਕਾਰਗੁਜ਼ਾਰੀ ਇਕ ਧੱਕਾ ਅਤੇ ਗਲਤ ਕਦਮ ਸਮਝੀ। ਸਿਕੰਦਰ ਲੋਧੀ ਨੇ ਦੋਹਾਂ ਸੰਤਾਂ ਪਾਸੋਂ ਖਿਮਾ-ਜਾਚਨਾ ਮੰਗੀ ਅਤੇ ਮੁੱਲਾਂ-ਮੁਲਾਣਿਆਂ ਨੂੰ ਤਾੜਨਾ ਕੀਤੀ ਕਿ ਉਹ ਇਨ੍ਹਾਂ ਸੰਤਾਂ ਵਾਰੇ ਕੋਈ ਅਪਸ਼ਬਦ ਨਾ ਬੋਲਣ। ਇਹ ਅੱਲਾ ਦੇ ਪਿਆਰੇ ਹਨ ਅਤੇ ਸਾਰੇ ਸਮਾਜ ਦੇ ਸਾਂਝੇ ਪੀਰ ਜਾਪਦੇ ਹਨ। ਸ੍ਰੀ ਬਾਹੜੋਵਾਲ ਨੇ ਕਿਹਾ ਹੈ:

"ਰਾਜਾ ਨਾਗਰ ਮੱਲ, ਰਾਜਾ ਚੰਦਰ ਪ੍ਰਤਾਪ, ਰਾਜਾ ਪੀਪਾ, ਰਾਣੀ ਝਾਲੀ, ਬੀਬੀ ਭਾਨਮਤੀ, ਅਤੇ ਬੀਬੀ ਕਰਮਾ ਦੇਵੀ ਅਤੇ ਸੰਤ ਭਾਈ ਮੰਨਾ ਆਦਿ ਇਨ੍ਹਾਂ ਦੇ ਚੇਲੇ ਬਣ ਗਏ ਅਤੇ ਪ੍ਰੰਪਰਾਵਾਦੀ ਪੰਡਿਤਾਂ ਨੂੰ ਇਸ ਉੱਤੇ ਸਖ਼ਤ ਰੋਸ ਸੀ ਅਤੇ ਈਰਖਾ ਦੀ ਅਗਨੀ ਇਨ੍ਹਾਂ ਨੂੰ ਅੰਦਰੋਂ-ਅੰਦਰ ਸਾੜੀ ਜਾ ਰਹੀ ਸੀ ਕਿ ਇਹ ਅਛੂਤ? (ਗੁਰੂ) ਕਬੀਰ ਅਤੇ (ਗੁਰੂ) ਰਵਿਦਾਸ? ਕਿਸ ਤਰ੍ਹਾਂ ਬ੍ਰਾਹਮਣੀ ਪਰੰਪਰਾ ਵਿੱਚ ਦਖਲ ਦਿੰਦੇ ਸਨ" ਜਿਥੋਂ ਤਕ ਉਕਤ ਸਿਕਦਰ ਲੋਧੀ ਦੀ (ਗੁਰੂ) ਰਵਿਦਾਸ ਨਾਲ ਭੇਂਟ ਦਾ ਸੁਆਲ ਹੈ ਉਸ ਲਈ ਕੋਈ ਇਤਿਹਾਸਕ ਹਵਾਲੇ ਨਹੀਂ ਮਿਲਦੇ, ਪਰ ਸਮਕਾਲੀ ਰਾਜੇ ਦਾ ਪੰਡਿਤਾਂ ਦੀ ਸ਼ਿਕਾਇਤ ਤੇ ਸਖ਼ਤ ਕਾਰਵਾਈ ਕਰਨੀ ਉਚਿਤ ਜਾਪਦੀ ਹੈ। ਸਮਾਜਿਕ ਅਤੇ ਧਾਰਮਿਕ ਸਾਰਥਿਕਤਾ ਅਤੇ ਵਾਸਤਵਿਕਤਾ ਤਾਂ ਇਸ ਗਾਥਾ ਵਿੱਚ ਸਹਾਈ ਹੋ ਸਕਦੇ ਹਨ, ਪਰ ਇਤਿਹਾਸਕ ਗਵਾਹੀ ਉਪਲੱਬਧ ਨਹੀਂ ਹੋਈ। ਸਿਕੰਦਰ ਲੋਧੀ ਨੇ ਪਰਮ ਸੰਤ ਰਵਿਦਾਸ ਨੂੰ ਬ੍ਰਾਹਮਣਾਂ ਅਤੇ ਮੁਸਲਮਾਨਾਂ ਦੇ ਕਹਿਣ 'ਤੇ ਇਸ ਇਲਜ਼ਾਮ ਹੇਠ ਕੈਦ ਕਰ ਲਿਆ ਕਿ ਉਹ ਸ਼ੂਦਰ (ਚਮਾਰ) ਹੋ ਕੇ ਪ੍ਰਭੂ ਦੀ ਭਗਤੀ ਕਰਦਾ ਹੈ ਅਤੇ ਬ੍ਰਾਹਮਣਾਂ ਦੀਆਂ ਸਰਗਰਮੀਆਂ ਵਿੱਚ ਦਖਲ ਅੰਦਾਜ਼ੀ ਕਰਦਾ ਹੈ। ਪਰ ਜਦੋਂ ਰਾਤ ਆਈ ਤਾਂ ਕਿਹਾ ਜਾਂਦਾ ਹੈ ਕਿ ਸੰਤ ਰਵਿਦਾਸ ਦੀ ਨੂਰੀ ਹੋਂਦ ਨੇ ਇੱਕ ਜਲਵਾ ਦਿਖਾਇਆ। ਸਿਕੰਦਰ ਲੋਧੀ ਨੂੰ ਡਰਾਉਣੇ ਸੁਪਨੇ ਅਤੇ ਬਹੁਤ ਭਿਆਨਕ ਦ੍ਰਿਸ਼ ਦਿਸਣ ਲੱਗ ਪਏ ਤੇ ਰਵਿਦਾਸ ਜੀ ਲੋਧੀ ਸਾਹਿਬ ਨੂੰ

ਬਚਾਉਂਦੇ ਦੇਖੇ ਗਏ। ਇਸ ਗੱਲ ਦਾ ਸਿਕੰਦਰ ਲੋਧੀ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ ਅਤੇ ਉਸ ਨੂੰ ਜਾਪਿਆ ਕਿ ਆਪਣੀ ਗਲਤੀ ਨਾਲ ਬਿਨਾਂ ਕਸੂਰ ਸੰਤ ਰਵਿਦਾਸ ਨੂੰ ਕੈਦ ਕਰਵਾ ਦਿੱਤਾ ਹੈ। ਸਵੇਰੇ ਅਦਾਲਤ ਲਾਉਂਦਿਆਂ ਸਾਰ ਹੀ ਸੰਤ ਰਵਿਦਾਸ ਜੀ ਨੂੰ ਰਿਹਾਅ ਕੀਤਾ ਤੇ ਉਨ੍ਹਾਂ ਪਾਸੋਂ ਆਪਣੀ ਗਲਤੀ ਦੀ ਭੁੱਲ ਮੰਗੀ ਅਤੇ ਖਿਮਾ ਯਾਚਨਾ ਕੀਤੀ। ਉਸ ਨੇ ਕੈਦ ਵਾਲ਼ੀ ਥਾਂ (ਗੁਰੂ) ਰਵਿਦਾਸ ਨਮਿਤ "ਬਾਪੀ ਮਸਜਿਦ" ਦੀ ਉਸਾਰੀ ਕਰਵਾਈ, ਜੋ ਅੱਜ ਵੀ ਬਨਾਰਸ ਵਿੱਚ ਮੌਜੂਦ ਹੈ। ਗਵਾਹੀ ਵਜੋਂ ਸੰਤ ਰਵਿਦਾਸ ਅਤੇ ਸਿਕੰਦਰ ਲੋਧੀ ਦੀ ਮੁਲਾਕਾਤ ਬਾਰੇ ਸ੍ਰੀ ਹਰਭਜਨ ਸਿੰਘ ਰਤਨ ਨੇ ਆਪਣੇ ਮਹਾਂ ਕਾਵਿ "ਗੁਰੂ ਰਵਿਦਾਸ ਮਹਾਨ" ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਜਿਨ੍ਹਾਂ ਰਾਹੀਂ ਸਿਕੰਦਰ ਲੋਧੀ ਦਾ ਪਛਤਾਵਾ ਪ੍ਰਗਟ ਹੁੰਦਾ ਹੈ ਤੇ ਸੰਤ ਰਵਿਦਾਸ ਦੀ ਮਹਾਨਤਾ ਅੱਗੇ ਝੁਕਣਾ ਦਰਸਾਇਆ ਗਿਆ ਹੈ। (ਗੁਰੂ) ਰਵਿਦਾਸ-ਸਿਕੰਦਰ ਲੋਧੀ ਗੋਸ਼ਟੀ ਬਾਰੇ ਡਾ. ਧਰਮਪਾਲ ਸਰੀਨ ਨੇ ਉਲੇਖ ਕੀਤਾ ਹੈ, ਜਦ ਸਿਕੰਦਰ ਲੋਧੀ ਬਨਾਰਸ ਆਏ ਤਾਂ ਉਨ੍ਹਾਂ ਨੇ (ਗੁਰੂ) ਰਵਿਦਾਸ ਦੀ ਬਹੁਤ ਖਿਆਤੀ ਸੁਣੀ। ਉਨ੍ਹਾਂ ਦੀ ਖਿਆਤੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਗੁਰੂ ਰਵਿਦਾਸ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ। ਉਨ੍ਹਾਂ ਦੀ ਭਗਤੀ, ਗਿਆਨ ਅਤੇ ਅਲੌਕਿਕ ਮਹਿਮਾ ਦੇਖ ਕੇ ਸਿਕੰਦਰ ਲੋਧੀ ਹੈਰਾਨ ਰਹਿ ਗਿਆ। ਇੱਕ ਹੋਰ ਕਥਾ ਅਨੁਸਾਰ ਸਿਕੰਦਰ ਲੋਧੀ ਦੇ ਬਨਾਰਸ ਜਾਣ ਤੇ (ਗੁਰੂ) ਰਵਿਦਾਸ ਜੀ ਦੀ ਭਗਤੀ ਅਤੇ ਗਿਆਨ ਕਾਰਨ ਸਮਕਾਲੀ ਬ੍ਰਾਹਮਣ ਬਹੁਤ ਈਰਖਾ ਕਰਦੇ ਸਨ। ਸ਼ਾਹ ਸਿਕੰਦਰ ਲੋਧੀ ਪਾਸ ਪੰਡਿਤਾਂ ਨੇ ਸ਼ਿਕਾਇਤ ਕੀਤੀ। ਇਸ ਸ਼ਿਕਾਇਤ ਦਾ ਫੈਸਲਾ ਕਰਨ ਲਈ ਇੱਕ ਸ਼ਰਾਬ ਨਾਲ ਰੱਜੇ ਹਾਥੀ ਨੇ ਗੁਰੂ ਰਵਿਦਾਸ ਨੂੰ ਕੁਚਲਣ ਦੀ ਬਜਾਇ, ਉਸ ਦੇ ਚਰਨਾਂ 'ਤੇ ਨਮਸਕਾਰ ਕਰ ਦਿੱਤੀ। ਸ਼ਾਹ ਸਿਕੰਦਰ ਬਹੁਤ ਹੈਰਾਨ ਹੋਇਆ ਅਤੇ ਉਸ ਨੇ ਪੰਡਿਤਾਂ ਨੂੰ ਝਿੜਕਿਆ ਅਤੇ (ਗੁਰੂ) ਰਵਿਦਾਸ ਪਾਸੋਂ ਆਪਣੀ ਗਲਤਫਹਿਮੀ ਲਈ ਭੁੱਲ ਮੰਗੀ।

**ਡਾ: ਲੇਖ ਰਾਜ ਪਰਵਾਨਾ ਦੀ ਪੁਸਤਕ ਗੁਰੂ ਰਵਿਦਾਸ ਜੀਵਨ ਅਤੇ ਕਿਰਤਾਂ ਵਿਚੋਂ ਧੰਨਵਾਦ ਸਹਿਤ**

# ਸ੍ਰੀ ਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ



**ਡਾ. ਜੀ.ਸੀ. ਕੌਲ ਐਮ.ਏ., ਪੀ.ਐਚ.ਡੀ.**
**9463223223**

ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਮਹਾਨ ਸੰਤ ਕਵੀਆਂ, ਚਿੰਤਕਾਂ, ਵਿਚਾਰਕਾਂ ਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਆਪਣੀ ਮਧੁਰ, ਕੋਮਲ, ਤਰਕਸ਼ੀਲ ਤੇ ਪ੍ਰਭਾਵਸ਼ਾਲੀ ਬਾਣੀ ਦੁਆਰਾ ਸਮਕਾਲੀਨ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ, ਜਾਤ-ਪਾਤ, ਛੂਆ-ਛੂਤ, ਵੈਰ-ਵਿਰੋਧ, ਸਮਾਜਿਕ ਅਸਮਾਨਤਾ, ਆਰਥਿਕ ਮੰਦਹਾਲੀ ਅਤੇ ਮਾਨਵ ਵਿਰੋਧੀ ਰਾਜਨੀਤਕ ਸ਼ਕਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਆਪ ਨੇ ਸਦੀਆਂ ਤੋਂ ਲਤਾੜੇ, ਪਛਾੜੇ, ਦੁਰਕਾਰੇ ਅਤੇ ਹਾਸ਼ੀਏ ਉੱਪਰ ਸੁੱਟੇ ਲੋਕਾਂ ਨੂੰ ਨਾ ਸਿਰਫ਼ ਸਹਾਰਾ ਹੀ ਦਿੱਤਾ, ਬਲਕਿ ਉਨ੍ਹਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਦਾ ਬੇਮਿਸਾਲ ਜਜ਼ਬਾ ਪੈਦਾ ਕੀਤਾ।

ਗੁਰੂ ਜੀ ਦਾ ਸਮੁੱਚਾ ਜੀਵਨ ਅਤੇ ਦਰਸ਼ਨ ਮਨੁੱਖੀ ਸਮਾਜ ਅਤੇ ਧਰਮ ਦੀਆਂ ਕੁਰਹਿਤਾਂ, ਕਮੀਆਂ, ਕੁਰੀਤੀਆਂ, ਕੁਮਾਰਗਾਂ ਅਤੇ ਕੁਬੋਲਾਂ ਵਿਰੁੱਧ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਦਬਾਏ ਪੀੜ੍ਹਤ ਵਰਗ ਦੇ ਲੋਕਾਂ ਨੂੰ ਆਪਸੀ ਪਿਆਰ, ਸਤਿਕਾਰ, ਸੁਮੇਲ, ਸਦਭਾਵਨਾ, ਸੁਹਿਰਦਤਾ, ਸਾਹਸ, ਸਬਰ, ਸੰਤੋਖ, ਸਹਿਣਸ਼ੀਲਤਾ, ਸਮਾਨਤਾ, ਸੁਤੰਤਰਤਾ ਅਤੇ ਸੁਕਿਰਤ ਜਿਹੇ ਸ੍ਰੇਸ਼ਟ ਗੁਣ ਪੈਦਾ ਕਰਕੇ 'ਸਤ ਸੰਗਤਿ ਮਿਲਿ ਰਹੀਐ ਮਾਧਉ! ਜੈਸੇ ਮਧੁਪ ਮਖੀਰਾ' ਵਾਲਾ ਇਕ ਸੁਚੱਜਾ ਜਥੇਬੰਦਕ ਸਮਾਜ ਸਿਰਜਣ ਦੀ ਪ੍ਰੇਰਨਾ ਦਿੰਦਾ ਹੈ। ਆਪ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ ਅਤੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਸਤਿਗੁਰੂ ਰਵਿਦਾਸ ਜੀ ਨੇ ਆਪਣੀ ਵਿਚਾਰਧਾਰਾ ਦਾ ਸੁਨੇਹਾ ਜਨ-ਸਾਧਾਰਨ ਤੱਕ ਪਹੁੰਚਾਉਣ ਲਈ ਭਾਰਤ ਦੇ ਅਨੇਕਾਂ ਭਾਗਾਂ ਦੀ ਯਾਤਰਾ ਕੀਤੀ। ਭਾਰਤ ਦੇ ਹਰ ਪ੍ਰਾਂਤ ਦਾ ਵੱਖਰਾ ਸੱਭਿਆਚਾਰ, ਵੱਖਰੀ ਭਾਸ਼ਾ, ਵੱਖਰਾ ਸਮਾਜਿਕ ਢਾਂਚਾ ਅਤੇ ਵੱਖਰਾ ਚੁਗਿਰਦਾ ਹੈ, ਪ੍ਰੰਤੂ ਕਮਾਲ ਦੀ ਗੱਲ ਇਹ ਹੈ ਭਾਰਤ ਦੇ ਬਹੁਤੇ ਭਾਗਾਂ ਵਿਚ ਆਪ ਜੀ ਦੇ ਲੱਖਾਂ ਸ਼ਰਧਾਲੂ ਮਿਲ ਜਾਂਦੇ ਹਨ। ਇਹ ਤੱਥ ਇਸ ਮੱਤ ਨੂੰ ਦ੍ਰਿੜ ਕਰਵਾਉਂਦਾ ਹੈ ਕਿ ਨਿਸਚੇ ਹੀ ਗੁਰੂ ਜੀ ਨੇ ਆਪਣੇ ਦੀਰਘ ਜੀਵਨ ਕਾਲ ਦੌਰਾਨ ਭਾਰਤ ਦੇ ਵਿਭਿੰਨ ਸਥਾਨਾਂ ਦੀ ਯਾਤਰਾ ਕੀਤੀ।

ਹਿੰਦੀ ਅਤੇ ਪੰਜਾਬੀ ਦੇ ਅਨੇਕ ਵਿਦਵਾਨਾਂ ਦਾ ਮੱਤ ਹੈ ਕਿ ਗੁਰੂ ਜੀ ਨੇ ਸਮਕਾਲੀਨ ਸੰਤ-ਕਵੀਆਂ ਅਤੇ ਸੰਤ ਮਤ ਵਿਚਾਰਧਾਰਾ ਨਾਲ ਸੰਬੰਧਿਤ ਮਹਾਂਪੁਰਸ਼ਾਂ ਦੀ ਮੰਡਲੀ ਸਮੇਤ ਕਾਸ਼ੀ ਤੋਂ ਦੂਰ-ਦੂਰ ਤੱਕ ਭ੍ਰਮਣ ਕੀਤਾ। ਨਿਰਸੰਦੇਹ ਸਾਨੂੰ ਗੁਰੂ ਜੀ ਦੁਆਰਾ ਨਿਰਵਾਣ ਪ੍ਰਾਪਤੀ ਦੇ ਲਗਭਗ 59 ਸਾਲ ਉਪਰੰਤ ਗੰਗਰੌਨ ਗੜ੍ਹ ਦੇ ਰਾਜਾ ਪੀਪਾ, ਜਿਸ ਨੂੰ ਸਤਿਗੁਰੂ ਰਵਿਦਾਸ ਜੀ ਦੇ ਸ਼ਿਸ਼ ਸਵੀਕਾਰਿਆ ਜਾਂਦਾ ਹੈ, ਦੇ ਪੋਤਰੇ ਸੰਤ ਅਨੰਤ ਦਾਸ ਵੈਸ਼ਣਵ ਦੁਆਰਾ ਰਚਿਤ 'ਰੈਦਾਸ ਪਰਿਚਈ' ਵਿਚ ਵਰਣਿਤ ਗੁਰੂ ਜੀ ਦੀ ਚਿਤੌੜ ਯਾਤਰਾ ਦਾ ਬੜਾ ਪ੍ਰਭਾਵਸ਼ਾਲੀ ਤੇ ਆਕਰਸ਼ਕ ਵਰਨਣ ਮਿਲਦਾ ਹੈ, ਪ੍ਰੰਤੂ ਭਾਰਤ ਦੇ ਵਿਭਿੰਨ ਪ੍ਰਾਂਤਾਂ ਦੀ ਕੀਤੀ ਯਾਤਰਾ ਦੇ ਪ੍ਰਾਚੀਨ ਸ੍ਰੋਤਾਂ ਦੀ ਘਾਟ ਬਹੁਤ ਰੜਕਦੀ ਹੈ।

ਉਂਜ ਵੀ ਗਰੀਬ, ਪਛਾੜੇ, ਲਤਾੜੇ ਅਤੇ ਦੁਰਕਾਰੇ ਅਛੂਤ ਵਰਗ ਨਾਲ ਸੰਬੰਧਿਤ ਸੰਤ-ਸਤਿਗੁਰੂਆਂ ਦੇ ਜੀਵਨ ਚਰਿੱਤਰ ਨੂੰ ਕਿਸ ਨੇ ਉਲੀਕਣਾ ਸੀ। ਇਹੀ ਕਾਰਨ ਹੈ ਕਿ ਗੁਰੂ ਜੀ ਦੇ ਨਾਮ, ਜਨਮ ਸੰਮਤ, ਜਨਮ-ਸਥਾਨ, ਮਾਤਾ-ਪਿਤਾ, ਗੁਰੂ, ਗ੍ਰਹਿਸਥ ਜੀਵਨ, ਸ਼ਿਸ਼ ਪਰੰਪਰਾ, ਨਿਰਵਾਣ ਪ੍ਰਾਪਤੀ ਵਾਂਗ ਆਪ ਜੀ ਦੀਆਂ ਯਾਤਰਾਵਾਂ ਵੀ ਵਿਵਾਦ ਪੂਰਨ ਵਿਸ਼ਾ ਰਿਹਾ ਹੈ। ਪਰ ਇਹ ਤਸੱਲੀ ਵਾਲੀ ਗੱਲ ਹੈ ਕਿ ਆਧੁਨਿਕ ਸਮੇਂ 'ਚ ਮਾਨਵ ਅਤੇ ਭਾਸ਼ਾ ਵਿਗਿਆਨੀਆਂ ਦੁਆਰਾ ਸਥਾਪਿਤ ਅਜੋਕੇ ਸਿਧਾਂਤਾਂ ਅਤੇ ਨਵੀਨ ਖੋਜ-ਦ੍ਰਿਸ਼ਟੀ ਦੁਆਰਾ ਬਹੁਤ ਸਾਰੇ ਸੰਤੋਸ਼ਜਨਕ ਸਿੱਟੇ ਦ੍ਰਿਸ਼ਟੀਗੋਚਰ ਹੋ ਰਹੇ ਹਨ। ਅਨੇਕ ਵਿਦਵਾਨਾਂ ਦੀ ਪਾਰਖੂ ਦ੍ਰਿਸ਼ਟੀ ਦੁਆਰਾ ਗੁਰੂ ਜੀ ਦੀਆਂ ਯਾਤਰਾਵਾਂ ਸੰਬੰਧੀ ਪੱਸਰੀ ਧੁੰਦ ਛੱਟ ਰਹੀ ਹੈ।

ਪੰਡਿਤ ਬਖਸ਼ੀ ਦਾਸ ਨੇ 'ਰਵਿਦਾਸ ਰਾਮਾਇਣ' ਵਿਚ ਗੁਰੂ ਜੀ ਦੁਆਰਾ ਕੀਤੀਆਂ ਪ੍ਰਯਾਗ, ਤ੍ਰਿਵੈਣੀ, ਗੋਦਾਵਰੀ, ਹਰਿਦੁਆਰ, ਸੁਲਤਾਨਪੁਰ ਅਤੇ ਪੰਘਾਟ ਦੀਆਂ ਯਾਤਰਾਵਾਂ ਦਾ ਜ਼ਿਕਰ ਕੀਤਾ ਹੈ। ਲੇਖਕ ਅਨੁਸਾਰ ਪੰਘਾਟ ਉਹੀ ਸਥਾਨ ਹੈ ਜਿਥੇ ਸੰਤ ਮੀਰਾ ਦੁਬਾਰਾ ਗੁਰੂ ਜੀ ਨੂੰ ਮਿਲੀ ਸੀ। ਮਹੰਤ

ਜਸਵੰਤ ਸਿੰਘ ਸਤਿ ਦਰਬਾਰੀ ਨੇ ਆਪਣੀ ਪੁਸਤਕ 'ਸ੍ਰੀ ਰਵਿਦਾਸ ਪ੍ਰਗਾਸ' ਵਿਚ ਵਿਸਥਾਰ ਸਹਿਤ ਲਗਭਗ 33-34 ਸਥਾਨਾਂ ਦਾ ਵਰਨਣ ਕੀਤਾ ਹੈ, ਜੋ ਭਾਰਤ ਦੇ ਵਰਤਮਾਨ ਪ੍ਰਾਂਤਾਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਗੁਆਂਢੀ ਦੇਸ਼ ਪਾਕਿਸਤਾਨ ਵਿਚ ਸਥਿਤ ਹਨ। ਪ੍ਰੰਤੂ ਇਨ੍ਹਾਂ ਯਾਤਰਾਵਾਂ ਦੇ ਪ੍ਰਾਚੀਨ ਸ੍ਰੋਤਾਂ ਬਾਰੇ ਲੇਖਕ ਨੇ ਕੋਈ ਜਾਣਕਾਰੀ ਪ੍ਰਸਤੁਤ ਨਹੀਂ ਕੀਤੀ ਅਤੇ ਨਾ ਹੀ ਵਰਤਮਾਨ ਪੰਜਾਬ ਦੇ ਕਿਸੇ ਖੇਤਰ ਨੂੰ ਇਨ੍ਹਾਂ ਵਿਚ ਸ਼ਾਮਲ ਕੀਤਾ ਹੈ। ਡਾ. ਪਦਮ ਗੁਰਚਰਨ ਸਿੰਘ ਆਪਣੀ ਪੁਸਤਕ 'ਸੰਤ ਰਵਿਦਾਸ ਵਿਚਾਰਕ ਔਰ ਕਵੀ' ਵਿਚ ਲਿਖਦੇ ਹਨ ਕਿ ਗੁਰੂ ਜੀ ਮਥਰਾ, ਬਿੰਦ੍ਰਾਬਨ, ਪ੍ਰਯਾਗ, ਹਰਿਦੁਆਰ ਅਤੇ ਕੁਰੂਕਸ਼ੇਤਰ ਆਦਿ ਦੀ ਯਾਤਰਾ ਲਈ ਗਏ ਸਨ।

ਗੁਰੂ ਜੀ ਦੀਆਂ ਯਾਤਰਾਵਾਂ ਸੰਬੰਧੀ ਸਭ ਤੋਂ ਦਿਲਚਸਪ ਅਤੇ ਤਰਕਸ਼ੀਲ ਮੱਤ ਡਾ. ਕਾਸ਼ੀ ਨਾਥ ਉਪਾਧਿਆਇ ਨੇ ਆਪਣੀ ਪੁਸਤਕ 'ਪਰਮ ਪਾਰਸ ਗੁਰੂ ਰਵਿਦਾਸ' ਵਿਚ ਪ੍ਰਸਤੁਤ ਕੀਤਾ ਹੈ। ਆਪ ਲਿਖਦੇ ਹਨ ਕਿ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ ਸੰਬੰਧੀ ਕੋਈ ਨਿਸਚਿਤ ਪ੍ਰਮਾਣ ਤਾਂ ਪ੍ਰਾਪਤ ਨਹੀਂ ਹੈ, ਪ੍ਰੰਤੂ ਉਨ੍ਹਾਂ ਦੀ ਬਾਣੀ ਵਿਚੋਂ ਮਿਲਦੇ ਵੱਖ-ਵੱਖ ਖੇਤਰੀ ਭਾਸ਼ਾਵਾਂ ਦੇ ਸ਼ਬਦ ਅਤੇ ਭਾਰਤ ਦੇ ਬਹੁਤ ਸਾਰੇ ਪ੍ਰਾਂਤਾਂ ਜਿਵੇਂ ਉੱਤਰ ਪ੍ਰਦੇਸ਼, ਪੰਜਾਬ, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਵਿਚ ਮਿਲਦੇ ਉਨ੍ਹਾਂ ਦੇ ਸੇਵਕਾਂ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੇ ਲੰਮੀਆਂ ਯਾਤਰਾਵਾਂ ਕੀਤੀਆਂ। ਦੱਖਣੀ ਭਾਰਤ ਸਮੇਤ ਕਈ ਸਥਾਨ ਉਨ੍ਹਾਂ ਦੀਆਂ ਯਾਦਾਂ ਨਾਲ ਜੁੜੇ ਹੋਏ ਹਨ ਜਿਵੇਂ ਤਿਰੁਪਤੀ ਮੰਦਿਰ ਦੇ ਲਾਗੇ ਬਾਲਾ ਜੀ ਪਹਾੜੀ ਦੇ ਕਦਮਾਂ (ਪੂਨਾ) ਵਿਚ ਉਨ੍ਹਾਂ ਦੀ ਯਾਦਗਾਰ, ਹੈਦਰਾਬਾਦ (ਆਂਧਰਾ ਪ੍ਰਦੇਸ਼) ਅਤੇ ਵਰਤਮਾਨ ਤਿਲੰਗਾਨਾ ਵਿਖੇ ਐਲੋਰਾ ਵਿਚ ਰਵਿਦਾਸ ਕੁੰਡ (ਸਰੋਵਰ), ਕਾਠੀਆਵਾੜ (ਗੁਜਰਾਤ) ਵਿਚ ਜੂਨਾਗੜ੍ਹ ਵਿਖੇ ਰਵਿਦਾਸ ਕੁੰਡ ਅਤੇ ਚਿਤੌੜ ਵਿਖੇ 'ਰਵਿਦਾਸ ਛਤਰੀ' ਦੇ ਨੀਚੇ ਉਨ੍ਹਾਂ ਦੇ ਪਦ-ਚਿੰਨ੍ਹ ਆਦਿ। ਇਸ ਤੋਂ ਬਿਨਾਂ ਕਾਸ਼ੀ ਵਿਚ ਮੰਡੂਰ ਵਿਖੇ ਵੀ ਇਕ ਤਲਾਬ ਉਨ੍ਹਾਂ ਨਾਲ ਸੰਬੰਧਿਤ ਹੈ।

ਪੰਜਾਬ ਵਿਚ ਵੀ ਬਹੁਤ ਸਾਰੇ ਧਾਰਮਿਕ ਸਥਾਨਾਂ ਨੂੰ ਸਤਿਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਆਪ ਜੀ ਦੀ ਬਾਣੀ ਵਿਚ ਪ੍ਰਾਪਤ ਪੰਜਾਬੀ ਭਾਸ਼ਾ, ਸ਼ਬਦਾਵਲੀ ਅਤੇ ਪੰਜਾਬੀ ਮੁਹਾਵਰਾ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਜੀ ਦਾ ਪੰਜਾਬ ਨਾਲ ਵਿਸ਼ੇਸ਼ ਸੰਬੰਧ ਰਿਹਾ ਹੈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਰਵਿਦਾਸ ਜੀ ਦੇ ਮਿਲਾਪ ਦੀਆਂ ਅਨੇਕ ਦੰਦ-ਕਥਾਵਾਂ ਪੰਜਾਬ ਵਿਚ ਪ੍ਰਚੱਲਿਤ ਹਨ। ਚੱਕ ਹਕੀਮ (ਫਗਵਾੜਾ) ਵਿਖੇ ਜਰਨੈਲੀ ਸੜਕ 'ਤੇ ਸਥਿਤ ਸ੍ਰੀ ਗੁਰੂ ਰਵਿਦਾਸ ਦੇਹਰਾ ਪੰਜਾਬ ਵਿਚ ਗੁਰੂ ਜੀ ਨਾਲ ਸੰਬੰਧਿਤ ਮੁੱਖ ਪ੍ਰਾਚੀਨ ਧਰਮ-ਅਸਥਾਨਾਂ ਵਿਚ ਮੰਨਿਆ ਜਾਂਦਾ ਹੈ। ਇਸ ਸੰਦਰਭ ਵਿਚ ਦੰਦ-ਕਥਾ ਪ੍ਰਚੱਲਿਤ ਹੈ ਕਿ ਗੁਰੂ ਜੀ ਆਪਣੀ ਪੰਜਾਬ ਯਾਤਰਾ ਦੌਰਾਨ ਇਸ ਮੁੱਖ ਸਥਾਨ 'ਤੇ ਠਹਿਰੇ ਸਨ। ਇਸ ਤੋਂ ਇਲਾਵਾ ਚੂਹੜਕਾਣਾ (ਵਰਤਮਾਨ ਪਾਕਿਸਤਾਨ) ਵਿਖੇ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਸੱਚੇ ਸੌਦੇ ਦੀ ਸਾਖੀ ਨੂੰ ਵੀ ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ ਜੀ ਦੀ ਪੰਜਾਬ ਯਾਤਰਾ ਨਾਲ ਜੋੜਿਆ ਜਾਂਦਾ ਹੈ। ਸੁਲਤਾਨਪੁਰ ਲੋਧੀ (ਕਪੂਰਥਲਾ) ਦੇ ਗੁਰਦੁਆਰਾ ਸੰਤ ਘਾਟ ਨੂੰ ਡਾ. ਲੇਖ ਰਾਜ ਪਰਵਾਨਾ ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਗੁਰੂ ਜੀ ਦੀ ਪੰਜਾਬ ਯਾਤਰਾ ਨਾਲ ਸੰਬੰਧਿਤ ਕੀਤਾ ਹੈ।

ਡਾ. ਧਰਮ ਪਾਲ ਸਿੰਗਲ ਆਪਣੀ ਪੁਸਤਕ 'ਮਹਾਂ ਮਾਨਵ ਸੰਤ ਗੁਰੂ ਰਵਿਦਾਸ' ਵਿਚ ਗੁਰੂ ਜੀ

ਦੀ ਪੰਜਾਬ ਯਾਤਰਾ ਨਾਲ ਸੰਬੰਧਿਤ ਦੰਦ-ਕਥਾ ਦੀ ਪੁਸ਼ਟੀ ਕਰਦਿਆਂ ਆਪਣਾ ਮੱਤ ਸਪੱਸ਼ਟ ਕਰਦਿਆਂ ਲਿਖਦੇ ਹਨ, 'ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਇਕ ਕੰਢੇ ਇਕ ਛੋਟਾ ਜਿਹਾ ਥਾਂ ਖੁਰਾਲਗੜ੍ਹ ਹੈ। ਗੁਰੂ ਰਵਿਦਾਸ ਜੀ ਦੇ ਉਥੇ ਚਰਨ ਪਾਉਣ ਦੀ ਕਥਾ ਘਰ-ਘਰ ਪ੍ਰਚਲਿਤ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਚਰਨ-ਛੂਹ ਨਾਲ ਉਥੇ ਦੇ ਅਕਾਲ ਤੇ ਸੋਕਾਗ੍ਰਸਤ ਪ੍ਰਦੇਸ਼ ਵਿਚ ਜਿਹੜੀ ਪਵਿੱਤਰ ਗੰਗਾ ਦੀ ਧਾਰ ਵੱਗ ਟੁਰੀ ਸੀ, ਉਹ ਪੰਜ-ਗੰਗਾਧਾਰ ਦੇ ਨਾਂ 'ਤੇ ਹੁਣ ਵੀ ਉਥੇ ਦੇਖੀ ਜਾ ਸਕਦੀ ਹੈ।' ਇਹ ਸੱਚਮੁੱਚ ਹੀ ਬੜਾ ਕੁਦਰਤੀ ਕ੍ਰਿਸ਼ਮਾ ਹੈ ਕਿ ਅੱਜ ਵੀ ਬਿਲਕੁਲ ਸੁੱਕੀ ਧਰਤੀ 'ਚੋਂ ਪੰਜ ਗੰਗਾਧਾਰ ਧੀਮੀ ਗਤੀ ਨਾਲ ਵੱਗ ਰਹੀ ਹੈ। ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਇਸ ਸਥਾਨ ਨੂੰ ਵਿਸ਼ਾਲ ਪੱਧਰ ਤੇ ਵਿਕਸਤ ਕਰਨ ਦਾ ਅਮਲ ਜ਼ੋਰਦਾਰ ਢੰਗ ਨਾਲ ਚੱਲ ਰਿਹਾ ਹੈ।

ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਪ੍ਰਾਚੀਨ ਕਾਲ ਤੋਂ ਸੰਤ-ਮਹਾਂਪੁਰਸ਼ ਦੂਰ-ਦੁਰਾਡੇ ਦੇ ਵਿਭਿੰਨ ਤੀਰਥ ਸਥਾਨਾਂ ਦੀ ਯਾਤਰਾ 'ਤੇ ਜਾਂਦੇ ਰਹੇ ਹਨ। ਭਵਿੱਖ ਵਿਚ ਸਤਿਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਕੁਝ ਹੋਰ ਸਥਾਨਾਂ ਦੀ ਖੋਜ ਵੀ ਹੋ ਸਕਦੀ ਹੈ ਅਤੇ ਸੰਤ-ਸਾਹਿਤ ਦੇ ਵਿਦਵਾਨਾਂ ਤੇ ਜਿਗਿਆਸੂਆਂ ਵੱਲੋਂ ਇਹ ਤਲਾਸ਼ ਜਾਰੀ ਰਹਿਣੀ ਚਾਹੀਦੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਰੰਗ




ਵਿੱਕੀ ਖਾਨਪੁਰ

94653-87932


ਹਰ ਕੌਮ, ਹਰ ਧਰਮ ਨੇ ਆਪੋ-ਆਪਣਾ ਰੰਗ ਮੁਕੱਰਰ ਕੀਤਾ ਹੋਇਆ ਹੈ। ਇਸ ਨਾਲ ਉਸ ਕੌਮ ਵਿਚ ਏਕੇ ਦੀ ਭਾਵਨਾ ਪ੍ਰਫੁੱਲਤ ਰਹਿੰਦੀ ਹੈ। ਉਸ ਦੀ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ। ਉਸ ਦੀ ਸ਼ਾਨ ਵਿਚ ਵਾਧਾ ਹੁੰਦਾ ਹੈ। ਸੰਘਰਸ਼ ਦੌਰਾਨ ਕੌਮੀ ਝੰਡੇ ਦਾ ਰੰਗ ਕੌਮ ਨੂੰ ਤਾਕਤਵਰ ਅਤੇ ਜੁਝਾਰੂ ਬਣਾਉਂਦਾ ਹੈ ਅਤੇ ਉਸ ਵਿਚ ਜਿੱਤਣ ਦੀ ਭਾਵਨਾ ਪੈਦਾ ਕਰਦਾ ਹੈ। ਉਸ ਦੇ ਲੋਕ ਆਪਣੇ ਝੰਡੇ ਅਤੇ ਉਸ ਦੇ ਰੰਗ 'ਤੇ ਗੌਰਵ ਮਹਿਸੂਸ ਕਰਦੇ ਹਨ, ਉਹ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਣ ਜਿਥੇ ਵੀ ਉਨ੍ਹਾਂ ਨੂੰ ਆਪਣੀ ਕੌਮ ਦਾ ਝੰਡਾ ਦਿਖਾਈ ਦਿੰਦਾ ਹੈ ਤਾਂ ਉਸ ਦੇ ਮਨ ਵਿਚ ਅਪਣੱਤ ਮਹਿਸੂਸ ਹੁੰਦੀ ਹੈ। ਆਪਣੇ ਘਰ ਤੋਂ ਦੂਰ ਹੋ ਕੇ ਵੀ ਉਸ ਨੂੰ ਇਕੱਲਾਪਨ ਮਹਿਸੂਸ ਨਹੀਂ ਹੁੰਦਾ ਕਿਉਂਕਿ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਸਮਾਜ ਦੇ ਲੋਕ ਇਥੇ ਵਸਦੇ ਹਨ ਲੋੜ ਪੈਣ 'ਤੇ ਉਹ ਉਨ੍ਹਾਂ ਦੀ ਮਦਦ ਲੈ ਸਕਦਾ ਹੈ। ਪ੍ਰੰਤੂ ਇਕ ਗੱਲ ਸਮਝ ਨਹੀਂ ਆਉਂਦੀ ਕਿ ਆਦਿ ਸਮਾਜ ਦੇ ਲੋਕ ਆਪਣੀ ਕੌਮ, ਧਰਮ ਦੇ ਰੰਗ ਪ੍ਰਤੀ ਇਨੇ ਅਵੇਸਲੇ ਕਿਉਂ ਹਨ, ਇਨ੍ਹਾਂ ਦੇ ਧਾਰਮਿਕ ਅਸਥਾਨਾਂ ਉਤੇ ਕਈ ਤਰ੍ਹਾਂ ਦੇ ਨਿਸ਼ਾਨ ਸਾਹਿਬ ਝੂਲਦੇ ਹਨ। ਕਈ ਰੰਗਾਂ ਦੇ ਸਿਰੋਪਾਓ ਅਤੇ ਪਟਕੇ ਵਰਤੇ ਜਾਂਦੇ ਹਨ। 1925 ਈ: ਵਿਚ ਆਦਿ-ਧਰਮੀ ਗਦਰੀ ਬਾਬਾ ਮੰਗੂਰਾਮ ਮੁਗੋਵਾਲੀਆ ਦੇ ਵੇਲੇ ਤੋਂ ਮਜੀਠ ਰੰਗ ਪ੍ਰਚੱਲਿਤ ਹੋ ਗਿਆ ਸੀ। ਉਸ ਵੇਲੇ ਇਸ ਨੂੰ ਗੇਰੂ ਜਾਂ ਲਾਲ ਰੰਗ ਵੀ ਕਿਹਾ ਜਾਂਦਾ ਸੀ, ਕਹਾਵਤ ਸੀ "ਰੰਗਾ ਲੈ ਲਾਲ ਪਗੜਾ ਹੋ ਤਕੜਾ" ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਬਚਨ ਹਨ ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ

ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥ ਨੂੰ ਮੁੱਖ ਰੱਖ ਕੇ ਇਹ ਰੰਗ ਮਨੋਨੀਤ ਕੀਤਾ ਹੋਇਆ ਹੈ ਕਿਉਂਕਿ ਗੁਰੂ ਜੀ ਨੇ ਇਨ੍ਹਾਂ ਪਾਵਨ ਬਚਨਾਂ ਵਿਚ ਮਜੀਠ ਦੇ ਰੰਗ ਨੂੰ ਪਰਮਾਤਮਾ ਦਾ ਰੰਗ ਪ੍ਰਵਾਨ ਕੀਤਾ ਹੈ ਭਾਵ ਕਿ ਸੰਸਾਰ ਦਾ ਰੰਗ ਕੁਸੰਭੇ ਦੇ ਰੰਗ ਵਾਂਗ ਕੱਚਾ ਰੰਗ ਹੈ। ਪ੍ਰੰਤੂ ਮੇਰੇ ਰਮਈਏ ਦਾ ਰੰਗ ਮਜੀਠ ਵਰਗਾ, ਸਦੀਵੀ ਰਹਿਣ ਵਾਲਾ ਪੱਕਾ ਰੰਗ ਹੈ। ਸਾਡੇ ਸਮਾਜ ਦੇ ਬਹੁਤ ਸਾਰੇ ਧਾਰਮਿਕ ਅਸਥਾਨਾਂ, ਡੇਰਿਆਂ ਵਿਚ ਇਹ ਰੰਗ ਪ੍ਰਚੱਲਿਤ ਹੈ। ਸੋ ਭਾਈ ਜੇਕਰ ਅਸੀਂ ਆਪਣੇ ਧਰਮ, ਕੌਮ, ਅਤੇ ਸਮਾਜ ਵਿਚ ਏਕਾ ਪੈਦਾ ਕਰਨਾ ਹੈ, ਇਸ ਦੀ ਹੋਂਦ ਨੂੰ ਬਚਾਉਣਾ ਅਤੇ ਆਪਣੇ ਖੋਹੇ ਹੋਏ ਹੱਕ ਹਾਸਲ ਕਰਨੇ ਹਨ, ਦੁਨੀਆ ਵਿਚ ਆਪਣੀ ਹੋਂਦ ਸਥਾਪਿਤ ਕਰਨੀ ਹੈ, ਆਪਣੀ ਇੱਜ਼ਤ ਅਤੇ ਮਾਨ-ਸਨਮਾਨ ਹਾਸਲ ਕਰਨਾ ਹੈ ਤਾਂ ਸਾਨੂੰ ਆਪਣੇ ਕੌਮੀ ਰੰਗ ਪ੍ਰਤੀ ਰੱਖੇ ਅਵੇਸਲੇਪਨ ਨੂੰ ਤਿਆਗਣਾ ਹੋਵਗਾ। ਮਜੀਠ ਰੰਗ ਲਾਖਾ ਜਾਂ ਡਾਰਕ ਮੈਰੂਨ ਹੁੰਦਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ ਸਾਡੇ ਧਾਰਮਿਕ ਕੰਮਾਂ ਦਾ ਅਧਿਐਨ

ਚਰਨਜੀਤ ਸਿੰਘ ਬਿਨਪਾਲਕੇ
98148-39944



ਗੁਰਬਾਣੀ ਦਾ ਅਥਾਹ ਚਾਨਣ ਹੋਣ ਦੇ ਬਾਵਜੂਦ ਵੀ ਅੱਜ ਸਾਡਾ ਸਮਾਜ ਦੁਬਿਧਾ ਵਿੱਚ ਫਸਿਆ ਹੋਇਆ ਹੈ। ਦੁਬਿਧਾ ਤੋਂ ਭਾਵ ਦੋ ਭਾਂਤੀਪਨ ਜਾਂ ਦੋ ਪ੍ਰਕਾਰ ਦਾ ਵਿਚਾਰ ਹੈ। ਇਹ ਦੋ ਪ੍ਰਕਾਰ ਦਾ ਵਿਚਾਰ ਹੈ ਗੁਰਮਤਿ ਵਿਚਾਰ ਅਤੇ ਮਨਮਤਿ ਵਿਚਾਰ। ਇੱਕ ਪਾਸੇ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਆਪਣੇ ਧਾਰਮਿਕ ਗਿਆਨਦਾਤਾ ਮੰਨਦੇ ਹਾਂ ਅਤੇ ਦੂਸਰੇ ਪਾਸੇ ਅਜਿਹੇ ਧਾਰਮਿਕ ਆਡੰਬਰ ਕਰਦੇ ਹਾਂ, ਜਿਨ੍ਹਾਂ ਦੀ ਸ੍ਰੀ ਗੁਰੂ ਰਵਿਦਾਸ ਜੀ ਨੇ ਬਿਲਕੁਲ ਮਨਾਹੀ ਕੀਤੀ ਹੈ। ਅਸੀਂ ਗੁਰੂ ਜੀ ਦੇ ਧਾਰਮਿਕ ਸਿਧਾਂਤਾਂ ਨੂੰ ਜਾਣਦੇ ਹੋਏ ਵੀ ਇਹ ਕਰਮ ਕਾਂਡ ਕਰੀ ਜਾ ਰਹੇ ਹਾਂ। ਇਸ ਦੀ ਕੀ ਵਜ੍ਹਾ ਹੈ? ਜਾਂ ਤਾਂ ਸਾਨੂੰ ਗੁਰੂ ਸਾਹਿਬ ਜੀ ਦੀ ਬਾਣੀ, ਉਨ੍ਹਾਂ ਦੇ ਉਪਦੇਸ਼ਾਂ ਉੱਤੇ ਭਰੋਸਾ ਹੀ ਨਹੀਂ ਜਾਂ ਫਿਰ ਅਸੀਂ ਐਨੇ ਸਵਾਰਥੀ ਹੋ ਗਏ ਹਾਂ ਕਿ ਜਿਸ ਰਹਿਬਰ ਨੇ ਸਾਡੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟੀਆਂ, ਆਪ ਦੁੱਖ ਤਸੀਹੇ ਸਹਿ ਕੇ ਸਾਨੂੰ ਸਨਮਾਨਜਨਕ ਜੀਵਨ ਦਿੱਤਾ, ਉਸ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਹੀਂ ਹੈ। ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਦਿਨ-ਰਾਤ ਇੱਕ ਕਰ ਦਿੰਦੇ ਹਾਂ, ਇੰਝ ਲੱਗਦਾ ਹੈ ਕਿ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਬਹੁਤ ਸੂਝਵਾਨ ਅਤੇ ਸ਼ਰਧਾਵਾਨ ਸੇਵਕ ਹਾਂ। ਪਰ ਜਦੋਂ ਗੁਰੂ ਜੀ ਦੀ ਬਾਣੀ ਅਤੇ ਵਿਚਾਰਧਾਰਾ ਨੂੰ ਮੰਨਣ ਦੀ ਗੱਲ ਆਉਂਦੀ ਹੈ ਤਾਂ ਅਸੀਂ ਅਨਜਾਣ, ਅਵੇਸਲੇ, ਸਵਾਰਥੀ ਬਣ ਜਾਂਦੇ ਹਾਂ। ਗੁਰਪੁਰਬ ਲੰਘਦਿਆਂ ਹੀ ਅਸੀਂ ਸੁਸਰੀ ਵਾਂਗ ਸੌਂ ਜਾਂਦੇ ਹਾਂ। ਸ੍ਰੀ ਗੁਰੂ ਰਵਿਦਾਸ ਜੀ ਪ੍ਰਤੀ ਗਤੀਵਿਧੀਆਂ ਨਾਂਹ ਦੇ ਬਰਾਬਰ ਹੋ ਜਾਂਦੀਆਂ ਹਨ। ਅਸੀਂ ਫਿਰ ਵਹਿਮਾਂ-ਭਰਮਾਂ, ਫਜ਼ੂਲ ਦੇ ਕਰਮ-ਕਾਂਡਾਂ, ਧਾਰਮਿਕ ਆਡੰਬਰਾਂ ਵਿੱਚ ਫਸ ਜਾਂਦੇ ਹਾਂ ਭਾਵ ਸਾਡਾ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣਾ ਤਾਂ ਕੇਵਲ ਜਨਮ ਦਿਹਾੜਾ ਮਨਾਉਣ ਤੱਕ ਹੀ ਸੀਮਤ ਹੈ।

* ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥

ਭਾਵ ਧੂਫ, ਦੀਵੇ, ਪ੍ਰਸ਼ਾਦ ਆਦਿ ਬੇਹੇ ਹਨ ਅਤੇ ਪ੍ਰਭੂ ਨੂੰ ਅਰਪਣ ਕਰਨ ਯੋਗ ਨਹੀਂ ਹਨ ਪਰ ਅਸੀਂ ਧੂਫ ਧੁਖਾਉਣ ਅਤੇ ਦੀਵੇ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ।

* ਸ੍ਰੀ ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ **ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥ ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥** ਅਰਥਾਤ ਟੇਡੀਆਂ ਜੂਨਾਂ ਪਸ਼ੂ, ਪੰਛੀਆਂ ਆਦਿ ਵਿੱਚ ਬੁੱਧੀ ਨਹੀਂ ਹੁੰਦੀ, ਪਰ ਮਨੁੱਖ ਵਿੱਚ ਬੁੱਧੀ ਹੁੰਦੀ ਹੈ ਇਸ ਕਰਕੇ ਮਨੁੱਖ ਇਨ੍ਹਾਂ ਜੂਨਾਂ ਤੋਂ ਉੱਤਮ ਜੂਨ ਹੈ ਪਰ ਇਹ ਉੱਤਮ ਜੂਨ ਆਪਣੇ ਤੋਂ ਹੇਠਲੀਆਂ ਜੂਨਾਂ ਪਸ਼ੂਆਂ, ਸੱਪਾਂ, ਦਰੱਖਤਾਂ ਆਦਿ ਦੀ ਪੂਜਾ ਕਰਦੀ ਹੈ।

* ਉਸ ਵੇਲੇ ਤਾਂ ਹੱਦ ਹੀ ਹੋ ਜਾਂਦੀ ਹੈ, ਜਦੋਂ ਅਸੀਂ ਆਰਤੀ ਪੜ੍ਹਦੇ ਹੋਏ ਥਾਲ ਵਿੱਚ ਦੀਵੇ ਜਗਾ ਕੇ ਮੂਰਤੀ ਜਾਂ ਫੋਟੋ ਅੱਗੇ ਦੀਵੇ ਘੁਮਾਉਂਦੇ ਹਾਂ, ਚਉਰ ਕਰਦੇ ਹਾਂ। ਅਸੀਂ ਮੂੰਹੋਂ ਤਾਂ ਕਹਿ ਰਹੇ ਹਾਂ **ਨਾਮੁ ਤੇਰਾ ਦੀਵਾ, ਨਾਮੁ ਤੇਰੋ ਬਾਤੀ॥ ਨਾਮੁ ਤੇਰੋ ਤੇਲੁ ਲੇ ਮਾਹਿ ਪਾਸਾਰੇ ॥** ਭਾਵ ਹੇ ਪਰਮਾਤਮਾ ਮੇਰੇ ਲਈ ਤੇਰਾ ਨਾਮ ਸਿਮਰਨ ਹੀ ਸੱਚੀ ਆਰਤੀ ਹੈ। ਸਿਮਰਨ ਹੀ ਦੀਵਾ, ਦੀਵੇ ਦੀ ਬੱਤੀ ਅਤੇ ਦੀਵੇ ਵਿੱਚ ਪਾਇਆ ਤੇਲ ਹੈ, ਉਲਟਾ ਅਸੀਂ ਹੱਥ ਵਿੱਚ ਇਹ ਪਦਾਰਥ ਲਏ ਵੀ ਹੋਏ ਹਨ ਭਾਵ ਅਸੀਂ ਕਹਿੰਦੇ ਕੁਝ ਹੋਰ ਤੇ ਕਰਦੇ ਕੁਝ ਹੋਰ ਹਾਂ।

*** ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ॥** ਗੁਰੂ ਰਵਿਦਾਸ ਜੀ ਅਨੁਸਾਰ ਸ਼ਰਾਬ ਭਾਵੇਂ ਗੰਗਾ ਜਲ ਤੋਂ ਵੀ ਕਿਉਂ ਨਾ ਬਣੀ ਹੋਵੇ, ਫਿਰ ਵੀ ਉਹ ਪੀਣ ਯੋਗ ਨਹੀਂ ਹੈ। ਪਰ ਅਸੀਂ ਇਹ ਤਹੱਈਆ ਕੀਤਾ ਹੋਇਆ ਹੈ ਕਿ ਸ਼ਰਾਬਾਂ ਦੇ ਠੇਕਿਆਂ ਤੋਂ ਸ਼ਰਾਬ ਖਤਮ ਕਰ ਕੇ ਹੀ ਦਮ ਲੈਣਾ ਹੈ।

* ਗੁਰੂ ਰਵਿਦਾਸ ਜੀ ਸਾਰੇ ਸਮਾਜ ਨੂੰ ਮਧੂ-ਮੱਖੀਆਂ ਵਾਂਗ ਇਕੱਠੇ ਹੋਣ ਦਾ ਉਪਦੇਸ਼ ਦਿੰਦੇ ਹਨ **ਸਤਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ॥** ਪਰ ਸਾਡੇ ਉਤੇ ਇਸ ਹੁਕਮ ਦਾ ਕੋਈ ਅਸਰ ਨਹੀਂ ਹੋ ਰਿਹਾ। ਸਾਡਾ ਸਾਰਾ ਸਮਾਜ ਖੇਰੂੰ-ਖੇਰੂੰ ਹੋਇਆ ਹੈ।


* ਗੁਰੂ ਜੀ ਨੇ ਸਮਝਾਇਆ ਕਿ **ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥** ਭਾਵ ਮਨੁੱਖਤਾ ਨੇ ਅਗਿਆਨਤਾ, ਅਨਪੜ੍ਹਤਾ ਨਾਲ ਪਿਆਰ ਪਾਇਆ ਹੋਇਆ ਹੈ ਇਸ ਕਰਕੇ ਇਸ ਦੀ ਬੁੱਧੀ ਦਾ ਦੀਵਾ ਧੁੰਦਲਾ ਹੋ ਗਿਆ ਹੈ। ਪ੍ਰੰਤੂ ਸਾਡੀ ਸੋਚ ਇਹ ਹੈ ਕਿ ਪੜ੍ਹਕੇ ਕੀ ਲੈਣਾ? ਕਿਹੜਾ ਸਰਕਾਰੀ ਨੌਕਰੀ ਮਿਲਣੀ ਹੈ? ਪਰ ਕੀ ਕੇਵਲ ਸਰਕਾਰੀ ਨੌਕਰੀ ਲੈਣ ਵਾਸਤੇ ਹੀ ਪੜ੍ਹਨਾ ਹੁੰਦਾ ਹੈ? **ਗੁਰਬਾਣੀ ਇਸੁ ਜਗ ਮਹਿ ਚਾਨਣੁ** ਸਤਿਗੁਰਾਂ ਦੀ ਬਾਣੀ ਸੰਸਾਰ ਲਈ ਚਾਨਣ ਮੁਨਾਰਾ ਹੈ। ਪ੍ਰੰਤੂ ਸਾਨੂੰ ਬਾਣੀ ਦਾ ਪਾਠ ਕਥਾ, ਕੀਰਤਨ ਸੁਣਕੇ ਨੀਂਦ ਆਉਣ ਲਗਦੀ ਹੈ। ਗੁਰੂ ਘਰ ਦੇ ਪ੍ਰਬੰਧਕ ਲੱਖਾਂ ਰੁਪਏ ਖਰਚ ਕੇ ਵੱਡੇ-ਵੱਡੇ ਕੀਰਤਨ ਦਰਬਾਰ ਕਰਾਉਂਦੇ ਹਨ, ਸੰਗਤਾਂ ਲਈ ਵਧੀਆ ਲੰਗਰਾਂ ਦਾ ਪ੍ਰਬੰਧ ਕਰਦੇ ਹਨ ਪ੍ਰੰਤੂ ਅਸੀਂ ਉਥੇ ਜਾ ਕੇ ਰਾਜ਼ੀ ਨਹੀਂ ਹਾਂ, ਨਕਲਾਂ-ਡਰਾਮੇ ਭਾਵੇਂ 5-6 ਮੀਲਾਂ 'ਤੇ ਹੋਣ ਜਿਥੇ ਪਾਣੀ ਦਾ ਪ੍ਰਬੰਧ ਵੀ ਨਹੀਂ ਹੁੰਦਾ ਉਥੇ ਜਾ ਕੇ ਅਸੀਂ ਅੱਧੀ-ਅੱਧੀ ਰਾਤ ਤੱਕ ਜਾਗਦੇ ਹਾਂ। ਗੁਰਬਾਣੀ ਪੜ੍ਹਨ ਦੀ ਰੁਚੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ। ਅਸੀਂ ਆਪਣੇ ਘਰਾਂ ਵਿਚ ਰੱਖੇ ਗੁਰਬਾਣੀ ਦੇ ਗੁਟਕੇ ਸਾਹਿਬ ਗੁਰਦੁਆਰੇ ਦੇ ਆਉਂਦੇ ਹਾਂ। ਅਖੇ ਘਰ ਵਿਚ ਕੋਈ ਪੜ੍ਹਨ ਵਾਲਾ ਨਹੀਂ ਕਿਤੇ ਇਸ ਦੀ ਬੇਅਦਬੀ ਨਾ ਹੋ ਜਾਵੇ। ਭਾਈ ਜੇਕਰ ਸਾਨੂੰ ਪਤਾ ਹੈ ਕਿ ਇਹ ਬਾਣੀ ਇਤਨੀ ਕੀਮਤੀ ਹੈ, ਸਤਿਕਾਰ ਕਰਨ ਯੋਗ ਹੈ ਫਿਰ ਅਸੀਂ ਉਸ ਨੂੰ ਪੜ੍ਹਦੇ ਕਿਉਂ ਨਹੀਂ?

* ਅਸੀਂ ਜਾਣਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਫੁਰਮਾਇਆ ਹੈ ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ ॥ ਜੋ ਮਨੁੱਖ ਆਪਣੇ ਅਸਲੇ ਪਾਰਬ੍ਰਹਮ ਪਰਮਾਤਮਾ ਨੂੰ ਛੱਡ ਕੇ ਦੇਵੀ-ਦੇਵਤਿਆਂ, ਮੜੀਆਂ-ਮਸਾਣਾਂ ਆਦਿ ਤੋਂ ਕੋਈ ਆਸ ਰੱਖਦਾ ਹੈ, ਉਹ ਕਦੇ ਮੁਕਤ ਨਹੀਂ ਹੋਵੇਗਾ। ਪਰ ਇਸ ਪਾਵਨ ਸਲੋਕ ਦੇ ਹੁਕਮਾਂ ਦਾ ਸਾਡੇ 'ਤੇ ਕੋਈ ਅਸਰ ਨਹੀਂ, ਥਾਂ-ਥਾਂ 'ਤੇ ਨੱਕ ਰਗੜਨ ਲਈ ਸਾਡਾ ਸਮਾਜ ਮਸ਼ਹੂਰ ਹੈ। ਕਿਸੇ ਵੀ ਧਰਮ ਦੇ ਧਾਰਮਿਕ ਅਸਥਾਨ 'ਤੇ ਚਲੇ ਜਾਉ, ਤੁਹਾਨੂੰ ਦਲਿਤ ਹੀ ਸੇਵਾ ਕਰਦੇ ਦਿਖਾਈ ਦੇਣਗੇ। ਸਾਡੇ ਸਮਾਜ ਨੂੰ ਧਰਮ ਦੇ ਅਸਲੀ ਗਿਆਨ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਸ ਦੇ ਜ਼ਿਹਨ ਵਿਚ ਇਹ ਕੁੱਟ-ਕੁੱਟ ਕੇ ਭਰ ਦਿੱਤਾ ਗਿਆ ਹੈ ਕਿ ਜੇਕਰ ਤੁਸੀਂ ਦਾਤਾਂ ਹਾਸਲ ਕਰਨੀਆਂ ਹਨ, ਆਪਣੇ ਰਹਿਬਰ ਨੂੰ ਖੁਸ਼ ਕਰਨਾ ਹੈ ਤਾਂ ਦਿਨ-ਰਾਤ ਉਸ ਦਾ ਧਿਆਨ ਧਰੋ। ਧਾਰਮਿਕ ਅਸਥਾਨਾਂ 'ਤੇ ਜਾ ਕੇ ਝਾੜੂ ਦੀ ਸੇਵਾ ਕਰੋ, ਬਰਤਨ ਮਾਂਜਣ ਦੀ ਸੇਵਾ ਕਰੋ, ਗਰੀਬ ਬਣ ਕੇ ਰਹੋ। ਪਰਮਾਤਮਾ ਨੂੰ ਦਾਨ ਦੇਣ ਦੀ ਕੋਈ ਲੋੜ ਨਹੀਂ (ਕਿਉਂਕਿ ਸਾਡੇ ਸਮਾਜ ਦੇ ਜ਼ਿਆਦਾਤਰ ਲੋਕ ਦਾਨ ਦੇਣ ਜੋਗੇ ਹੁੰਦੇ ਹੀ ਨਹੀਂ)। ਸਿਰਫ ਤੁਹਾਡੀ ਸ਼ਰਧਾ, ਨਿਮਰਤਾ ਅਤੇ ਸੇਵਾ 'ਤੇ ਹੀ ਉਸ ਨੇ ਰੀਝ ਜਾਣਾ ਹੈ। ਕੁੱਲ ਮਿਲਾ ਕੇ ਜੇਕਰ ਤੁਸੀਂ ਸਵਰਗਾਂ ਨੂੰ ਜਾਣਾ ਹੈ, ਮੁਕਤ ਹੋਣਾ ਹੈ, 84 ਲੱਖ ਜੂਨਾਂ ਤੋਂ ਬਚਣਾ ਹੈ ਤਾਂ ਤੁਹਾਡੇ ਵਾਸਤੇ ਇਹੀ ਸਹੀ ਰਸਤਾ ਹੈ, ਇਸ ਤਰ੍ਹਾਂ ਕਹਿ ਕੇ ਉਹ ਆਪ ਤਾਂ ਇਸ ਦੁਨੀਆ 'ਤੇ ਸਵਰਗ ਮਾਣ ਜਾਂਦੇ ਹਨ ਅਤੇ ਸਾਡਾ ਸਮਾਜ ਦੁਨੀਆ 'ਤੇ ਵੀ ਨਰਕ ਭੋਗਦਾ ਹੈ ਅਤੇ ਅਗਿਆਨਤਾ ਤੇ ਕੋਝੀਆਂ ਚਾਲਾਂ ਦੇ ਵੱਸ ਪੈ ਕੇ ਆਪਣਾ ਪ੍ਰਲੋਕ ਵੀ ਗਵਾ ਲੈਂਦਾ ਹੈ। ਇਸ ਤਰ੍ਹਾਂ ਸਾਡਾ ਸਮਾਜ **ਇਹ ਲੋਕ ਸੁਖੀਏ, ਪਰਲੋਕ ਸੁਹੇਲੇ** ਤੋਂ ਵਾਂਝਾ ਰਹਿ ਜਾਂਦਾ ਹੈ। ਆਉ ਆਪਾਂ ਇਹ ਪ੍ਰਣ ਕਰੀਏ ਕਿ ਅਸੀਂ ਸਤਿਗੁਰਾਂ ਦੀ ਬਾਣੀ ਤੋਂ ਗਿਆਨ ਹਾਸਲ ਕਰਨਾ ਹੈ। ਆਪਣੇ ਧਾਰਮਿਕ ਕੰਮ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਕਰਨੇ ਹਨ। ਆਪਣੇ ਬੱਚਿਆਂ ਨੂੰ ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਨਾਲ ਜੋੜਨਾ ਹੈ। ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਫਜ਼ੂਲ ਦੇ ਧਾਰਮਿਕ ਆਡੰਬਰਾਂ ਨੂੰ ਤਿਆਗ ਕੇ ਸੰਸਾਰ ਦੀਆਂ ਕੋਝੀਆਂ ਚਾਲਾਂ ਤੋਂ ਬਚ ਕੇ ਅਸੀਂ ਗੁਰੂ ਰਵਿਦਾਸ ਜੀ ਦਾ ਵਿਸ਼ਵ-ਵਿਆਪੀ, ਕੁਦਰਤੀ ਨਿਯਮਾਂ ਅਨੁਸਾਰੀ, ਵਿਗਿਆਨਮਈ, ਅਤਿਆਧੁਨਿਕ ਧਾਰਮਿਕ ਗਿਆਨ ਅਪਣਾਈਏ ਅਤੇ ਆਪਣੇ ਸਮਾਜ ਵਿੱਚ ਵੀ ਇਸ ਵਿਚਾਰ ਪਰਿਵਰਤਨ ਦੀ ਲਹਿਰ ਚਲਾਈਏ ਕਿਉਂਕਿ ਆਉਣ ਵਾਲੀ ਨਵੀਂ ਪੀੜ੍ਹੀ ਹਰ ਵਿਚਾਰ ਵਿਚ ਤਰਕ ਜਾਂ ਵਿਗਿਆਨਿਕ ਸਿਧਾਂਤ ਲੱਭਦੀ ਹੈ। ਜੇਕਰ ਅਸੀਂ ਇਨ੍ਹਾਂ ਪਿਛਾਂਹ ਖਿਚੂ, ਰੂੜੀ-ਵਾਦੀ ਵਿਚਾਰਧਾਰਾ, ਪੱਖ-ਪਾਤੀ ਸੱਭਿਅਤਾ ਦਾ ਤਿਆਗ ਨਾ ਕੀਤਾ ਤਾਂ ਸਾਡੇ ਬੱਚੇ ਧਾਰਮਿਕ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਲਾਂਭੇ ਕਰਕੇ ਨਾਸਤਿਕਤਾ ਵੱਲ ਵਧ ਜਾਣਗੇ ਅਤੇ ਸਾਡੇ ਕਹਿਣੇ ਤੋਂ ਬਾਹਰ ਹੋ ਜਾਣਗੇ।



# ਸੂਰੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ





ਮਨਜੀਤ ਸਿੰਘ ਚੁਖਿਆਰਾ
94178-91666

ਧਾਰਮਿਕਤਾ ਵਿਚ ਸੁੱਚੇ ਅਤੇ 'ਸੁੱਚਮ' ਸ਼ਬਦ ਇਕ ਵਿਸ਼ੇਸ਼ ਪ੍ਰਕਾਰ ਦੀ ਕਿਰਿਆ ਹੈ ਜਿਸ ਤੋਂ ਭਾਵ ਸ਼ੁੱਧ ਹੋਣਾ ਜਾਂ ਸ਼ੁੱਧ ਕਰਨਾ ਹੈ। ਹਿੰਦੁਸਤਾਨ ਦੀ ਵਰਣ-ਵੰਡ ਪ੍ਰੰਪਰਾ ਅਨੁਸਾਰ ਜੇਕਰ ਕੋਈ ਸ਼ੂਦਰ ਜਾਂ ਅਛੂਤ ਮਨੁੱਖ ਕਿਸੇ ਉੱਚ-ਜਾਤੀ ਮਨੁੱਖ ਨਾਲ ਛੂਹ ਜਾਵੇ, ਉਸ ਦਾ ਪ੍ਰਛਾਵਾਂ ਪੈ ਜਾਵੇ ਜਾਂ ਫਿਰ ਉਚ ਜਾਤੀਆਂ ਦੇ ਮੰਦਿਰ ਜਾ ਹੋਰ ਸਥਾਨਾਂ ਉਤੇ ਪ੍ਰਵੇਸ਼ ਕਰ ਜਾਵੇ ਤਾਂ ਉਹ ਉੱਚ ਜਾਤੀ ਮਨੁੱਖ ਜਾਂ ਉਹ ਸਥਾਨ ਭਿਟਿਆ ਜਾਂਦਾ ਹੈ ਫਿਰ ਉਨ੍ਹਾਂ ਨੂੰ ਸ਼ੁੱਧ ਕਰਨ ਵਾਸਤੇ ਗਊ ਦੇ ਗੋਬਰ ਅਤੇ ਮੂਤਰ ਨਾਲ ਮੰਤਰ ਪੜ੍ਹ ਕੇ ਸ਼ੁੱਧ ਕੀਤਾ ਜਾਂਦਾ ਹੈ। ਜਿਵੇਂ ਪਿਛਲੇ ਦਿਨੀ ਬਿਹਾਰ ਦੇ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਮਧੁਬਨੀ ਜ਼ਿਲ੍ਹੇ ਦੇ ਇਕ ਮੰਦਿਰ ਵਿਚ ਗਏ ਤਾਂ ਉਨ੍ਹਾ ਦੇ ਜਾਣ ਤੋਂ ਬਾਅਦ ਮੰਦਿਰ ਨੂੰ ਸ਼ੁੱਧ ਕੀਤਾ ਗਿਆ ਕਿਉਂਕਿ ਜੀਤਨ ਰਾਮ ਮਾਂਝੀ ਸ਼ੂਦਰ ਜਾਤ ਨਾਲ ਸਬੰਧਿਤ ਹਨ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਭਿਟ-ਸੁੱਚਮ ਨੂੰ ਬਿਲਕੁਲ ਰੱਦ ਕਰਦੀ ਹੈ ਅਤੇ **ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥** ਦਾ ਸੰਕਲਪ ਪ੍ਰਦਾਨ ਕਰਦੀ ਹੈ।

ਆਉ ਹੁਣ ਸੁੱਚਮ ਦੇ ਦੂਸਰੇ ਰੂਪਾਂ ਦੀ ਗੱਲ ਕਰੀਏ। ਅਸੀਂ ਪਰਮਾਤਮਾ ਦੀ ਪੂਜਾ ਲਈ ਉਸ ਅੱਗੇ ਫੁੱਲ, ਦੁੱਧ, ਪਾਣੀ ਆਦਿ ਸੁੱਚੇ ਪਦਾਰਥ ਚੜ੍ਹਾਉਣ ਦੀ ਗੱਲ ਕਰਦੇ ਹਾਂ। ਪ੍ਰੰਤੂ ਸ੍ਰੀ ਗੁਰੂ ਰਵਿਦਾਸ ਜੀ ਹੁਕਮ ਕਰਦੇ ਹਨ **ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥** ਭਾਵ ਇਹ ਪਦਾਰਥ ਤਾਂ ਪਹਿਲਾਂ ਹੀ ਜੂਠੇ ਹਨ ਜਿਵੇਂ ਫੁੱਲ ਭੌਰੇ ਨੇ, ਦੁੱਧ ਵਛੜੇ ਨੇ, ਅਤੇ ਪਾਣੀ ਮੱਛੀ ਨੇ ਜੂਠਾ ਕੀਤਾ ਹੋਇਆ ਹੈ। ਇਸ ਕਰਕੇ ਇਹ ਪਰਮਾਤਮਾ ਨੂੰ ਚੜ੍ਹਾਉਣ ਦੇ ਯੋਗ ਨਹੀਂ ਹਨ। ਗੁਰੂ ਜੀ ਇਸ ਤੋਂ ਹੋਰ ਅੱਗੇ ਇਕ ਨਵਾਂ ਸੰਕਲਪ ਦ੍ਰਿੜ੍ਹ ਕਰਾਉਂਦੇ ਹਨ ਕਿ **ਤੇਰੋ ਕੀਆ, ਤੁਝਹਿ ਕਿਆ ਅਰਪਉ**, ਭਾਵ ਹੇ ਪਰਮਾਤਮਾ ਮੈਂ ਤੇਰੇ ਹੀ ਪੈਦਾ ਕੀਤੇ ਪਦਾਰਥਾਂ ਵਿਚੋਂ ਤੈਨੂੰ ਕੀ ਅਰਪਣ ਕਰਾਂ? ਜੇਕਰ ਮੈ ਤੇਰੇ ਹੀ ਪੈਦਾ ਕੀਤੇ ਪਦਾਰਥ ਤੈਨੂੰ ਚੜ੍ਹਾਉਦਾਂ ਹਾਂ ਤਾਂ ਫਿਰ ਮੈਂ ਆਪਣੇ ਕੋਲੋਂ ਤੈਨੂੰ ਕੀ ਦਿੱਤਾ? ਇਸ ਕਰਕੇ ਗੁਰੂ ਜੀ ਆਪਣਾ ਤਨ ਅਤੇ ਮਨ ਪਰਮਾਤਮਾ ਨੂੰ ਅਰਪਣ ਕਰਨ ਦਾ ਉਪਦੇਸ਼ ਦਿੰਦੇ ਹਨ:-

**ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥**
**ਪੂਜਾ ਅਰਚਾ ਆਹਿ ਨਾ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥**

**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 525**

ਮਨੁੱਖ ਆਪਣੇ ਸਰੀਰ ਨੂੰ ਸੁੱਚਾ ਕਰਨ ਲਈ ਅਨੇਕਾਂ ਪ੍ਰਕਾਰ ਦੇ ਉਪਰਾਲੇ ਕਰਦਾ ਹੈ। ਤਰ੍ਹਾਂ-ਤਰ੍ਹਾਂ ਦੇ ਖੁਸ਼ਬੂਦਾਰ ਸਾਬਣਾਂ ਨਾਲ ਨਹਾਉਣਾ, ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨਾ; ਗੰਗਾ ਜਲ ਨਾਲ ਨਹਾਉਣਾ ਆਦਿ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਭਾਈ ਉਹ ਸੁੱਚੇ ਨਹੀਂ ਜੋ

ਆਪਣੇ ਪਿੰਡੇ ਅਰਥਾਤ ਸਰੀਰ ਨੂੰ ਧੋ ਕੇ ਬੈਠ ਜਾਂਦੇ ਹਨ। ਅਸਲੀ ਸੁੱਚੇ ਉਹ ਹੁੰਦੇ ਹਨ ਜਿਨ੍ਹਾਂ ਦੇ ਮਨ ਵਿਚ ਪਰਮਾਤਮਾ ਵਸਿਆ ਹੈ -

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ,**

**ਸੂਚੇ ਸੇਈ ਨਾਨਕਾ ਜਿਸ ਮਨਿ ਵਸਿਆ ਸੋਇ॥ (ਪੰਨਾ 472)**

ਸੋਚਿਆ ਜਾਵੇ ਕੀ ਨਹਾ ਕੇ ਸੁਚੇ ਹੋਣ ਨਾਲ ਹੀ ਪ੍ਰਭ ਮਿਲਦਾ ਜਾਂ ਮੁਕਤੀ ਮਿਲਣੀ ਹੈ? ਗੁਰ ਕਬੀਰ ਜੀ ਸਮਝਾਉਂਦੇ ਹਨ ਕਿ ਜੇਕਰ ਇਸ਼ਨਾਨ ਕਰਨ ਨਾਲ ਮੁਕਤੀ ਮਿਲਣੀ ਹੁੰਦੀ ਤਾਂ ਮੇਂਡਕ (ਡੱਡੂ) ਤਾਂ ਸਦਾ ਹੀ ਪਾਣੀ ਵਿਚ ਨਹਾਉਂਦਾ ਰਹਿੰਦਾ ਹੈ ਫਿਰ ਉਹ ਤਾਂ ਕਦੋਂ ਦਾ ਮੁਕਤ ਹੋ ਗਿਆ ਹੁੰਦਾ।

**ਜਲ ਕੈ ਮੰਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ॥**

**ਜੈਸੇ ਮੇਂਡੁਕ ਤੈਸੇ ਓਇ ਨਰ, ਫਿਰ ਫਿਰ ਜੋਨੀ ਆਵਹਿ॥ (ਪੰਨਾ 484)**

ਸਤਿਗੁਰ ਕਬੀਰ ਜੀ ਨੇ ਗਉੜੀ ਰਾਗ ਵਿਚ ਏਹੋ ਜਿਹੇ ਹੋਰ ਕਰਮ-ਕਾਂਡਾ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਹੇ ਭਾਈ! ਜੇਕਰ ਨੰਗੇ ਫਿਰਦਿਆਂ ਪਰਮਾਤਮਾ ਲੱਭ ਪੈਂਦਾ ਤਾਂ ਜੰਗਲ ਦੇ ਸਾਰੇ ਜਾਨਵਰ ਮੁਕਤ ਹੋ ਜਾਂਦੇ, ਜੇਕਰ ਸਿਰ ਮੁਨਾਇਆਂ ਸਿੱਧੀ ਮਿਲ ਸਕਦੀ ਤਾਂ ਕੀ ਕਾਰਨ ਹੈ ਕਿ ਕੋਈ ਵੀ ਭੇਡ ਹੁਣ ਤੱਕ ਮੁਕਤ ਨਹੀਂ ਹੋਈ? ਜੇਕਰ ਬਾਲ-ਜਤੀ ਰਿਹਾਂ ਸੰਸਾਰ ਸਮੁੰਦਰ ਤੋਂ ਤਰ ਸਕੀਦਾ ਹੈ ਤਾਂ ਖੁਸਰੇ ਨੂੰ ਮੁਕਤੀ ਕਿਉਂ ਨਹੀਂ ਮਿਲ ਜਾਂਦੀ? ਸਤਿਗੁਰ ਕਬੀਰ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਹੇ ਭਰਾਵੋ! ਜਿਹੜੇ ਮਰਜ਼ੀ ਕਰਮ-ਕਾਂਡ ਕਰੀ ਜਾਵੋ, ਇਕ ਹਰੀ ਦੇ ਨਾਮ ਤੋਂ ਬਿਨਾਂ ਕਿਸੇ ਨੂੰ ਵੀ ਮੁਕਤੀ ਨਹੀਂ ਮਿਲਣੀ।

**ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥**

**ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ ॥੧॥ਰਹਾਉ॥**

**ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥**

**ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ॥੩॥**

**ਕਹੁ ਕਬੀਰ ਸੁਨਹੁ ਨਰ ਭਾਈ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ॥੪॥ (ਪੰਨਾ 324 )**

ਸਾਨੂੰ ਗੁਰਬਾਣੀ ਦੇ ਇਨ੍ਹਾਂ ਸਿਧਾਂਤਕ ਉਪਦੇਸ਼ਾਂ ਤੋਂ ਇਹ ਸੇਧ ਮਿਲਦੀ ਹੈ ਕਿ ਸੰਸਾਰਕ ਪਦਾਰਥਾਂ ਨਾਲ ਪ੍ਰਭੂ ਦੀ ਪੂਜਾ ਨਹੀਂ ਹੋ ਸਕਦੀ। ਅੱਜ ਜਲ ਪ੍ਰਦੂਸ਼ਣ ਇਨਾ ਹੋ ਚੁੱਕਾ ਹੈ ਕਿ ਤੀਰਥਾਂ ਦੇ ਇਸ਼ਨਾਨ ਨਾਲ ਮਨ ਨੇ ਸ਼ੁੱਧ ਤਾਂ ਕੀ ਹੋਣਾ, ਤਨ ਵੀ ਸ਼ੁੱਧ ਨਹੀਂ ਹੁੰਦਾ। ਨੰਗੇ ਫਿਰਨਾ, ਸਿਰ ਮੁੰਨਾਉਣਾ, ਬਾਲ-ਜਤੀ ਰਹਿਣਾ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਧਾਰਮਿਕ ਆਡੰਬਰ ਹੋ ਰਹੇ ਹਨ। ਇਹ ਪ੍ਰਭੂ ਦਾ ਅਸਲੀ ਮਾਰਗ ਨਹੀਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਫੋਟਕ ਕਰਮ-ਕਾਂਡਾਂ ਨੂੰ ਤਿਆਗ ਕੇ ਨਿਰਸਵਾਰਥ ਮਾਨਵਤਾ ਦੀ ਸੇਵਾ ਕਰਦਿਆਂ ਪ੍ਰਭੂ ਨਾਲ ਜੁੜਨਾ ਹੀ ਮੁਕਤੀ ਦਾ ਸਾਧਨ ਹੈ।

**You born poor, it's not your mistake.**
**But if you die poor, it's your mistake.**

**Bill Gates**

# ਸ਼ਬਦ 'ਚਮਾਰ' ਵਰਦਾਨ ਹੈ ਸਰਾਪ ਨਹੀਂ !



ਰਾਮਧਨ ਨਾਂਗਲੂ-ਭੋਗਪੁਰ-ਜਲੰਧਰ
98154-85844

ਅੱਜ ਤੋਂ ਕੋਈ 5-6 ਹਜ਼ਾਰ ਸਾਲ ਪਹਿਲਾਂ ਆਰੀਆ ਲੋਕਾਂ ਦੇ ਮੱਧ-ਏਸ਼ੀਆ ਵਿਚੋਂ ਆਪਣੀ ਗਰੀਬੀ ਦੂਰ ਕਰਨ, ਭੁੱਖ ਤੇ ਪਿਆਸ ਮਿਟਾਉਣ ਖਾਤਰ ਭਾਰਤ ਦੇਸ਼ ਵਿਚ ਪ੍ਰਵੇਸ਼ ਕਰਨ ਤੋਂ ਲੈ ਕੇ 14ਵੀਂ ਸਦੀ ਈ. ਤੱਕ ਦਾ ਸਮਾਂ ਭਾਰਤ ਦੇ ਮੂਲ (ਆਦਿ) ਵਾਸੀਆਂ ਲਈ 'ਸਰਾਪ ਤੇ ਸੰਤਾਪ' ਬਣਿਆ ਰਿਹਾ। ਕਿਉਂਕਿ ਮੂਲਵਾਸੀ ਉੱਚਾ, ਸੁੱਚਾ ਤੇ ਸੁੱਖਾ ਜੀਵਨ ਬਿਤਾ ਰਹੇ ਸਨ। ਯੁੱਧ ਕੀ ਹੈ? ਇਸ ਗੱਲ ਤੋਂ ਅਨਾੜੀ ਸਨ। ਇਸ ਲਈ ਇਨ੍ਹਾਂ ਨੇ ਮਾਰੂ ਜਾਂ ਸਵੈ ਰਖਿਆ ਲਈ ਹਥਿਆਰ ਨਾ ਘੜੇ। ਇਨ੍ਹਾਂ ਦੀ ਇਸ ਕਮਜ਼ੋਰੀ ਕਾਰਨ ਵਿਦੇਸ਼ੀ ਆਰੀਆ ਲੋਕਾਂ ਨੇ ਭਾਰਤ ਦੇ ਆਦਿਵਾਸੀਆਂ 'ਤੇ ਅਧਿਕਾਰ ਜਮਾ ਲਿਆ। ਭਾਰਤ ਦੇ ਮਾਲਕ ਦਾਸ ਤੇ ਵਿਦੇਸ਼ੀ ਇਸ ਦੇ ਮਾਲਕ ਬਣ ਬੈਠੇ। ਇਨ੍ਹਾਂ ਧਾੜਵੀਆਂ ਮੂਲਵਾਸੀਆਂ ਦਾ ਪਦਾਰਥ-ਧਨ ਤੇ ਧਰਤੀ-ਧਨ ਹੀ ਨਹੀਂ ਲੁੱਟਿਆ, ਸਗੋਂ ਇਸਤਰੀਆਂ ਨੂੰ ਵੀ ਬੇਪੱਤ ਕੀਤਾ। ਜੀਆਂ ਸਮੇਤ ਘਰਾਂ ਨੂੰ ਅੱਗਾਂ ਲਾ ਕੇ ਸਾੜ ਦਿੱਤਾ। ਇਨ੍ਹਾਂ ਵਿਦੇਸ਼ੀਆਂ ਇਕ ਅਜਿਹਾ ਸਮਾਜਿਕ ਸੰਵਿਧਾਨ ਤਿਆਰ ਕੀਤਾ ਜਿਸ ਅਨੁਸਾਰ 'ਮਾਨਵਤਾ' ਹੀ ਸਮਾਪਤ ਕਰ ਦਿੱਤੀ। ਰਿਗਵੇਦ ਦੇ ਸੂਕਤ=90, ਵਾਕ 19 ਰਿਚਾ (ਆਇਯਤ) 11-12 ਵਿਚ ਇਹ ਅਨਹੋਣੀ ਗੱਲ ਲਿਖੀ, "(ਆਦਿ ਪੁਰਖ ਤੋਂ) ਵਿਰਾਟ ਪੁਰਸ਼ ਕਿੰਨੇ ਪ੍ਰਕਾਰ ਨਾਲ ਪੈਦਾ ਹੋਏ। ਤਿੰਨਾਂ ਦੇ ਹੱਥ, ਪੈਰ, ਉਰੂ (ਪੱਟ) ਅਤੇ ਮੁੱਖ ਆਦਿ ਕੌਣ ਹੋਏ।11। ਉਨ੍ਹਾਂ ਦਾ ਮੁੱਖ ਬ੍ਰਾਹਮਣ, ਭੁਜਾ ਖੱਤਰੀ, ਜੰਗਾਂ (ਪਟ) ਵੈਸ਼ ਅਤੇ ਚਰਣ (ਪੈਰ) ਸ਼ੂਦਰ ਹੋਏ।12। (8-4-19/10-7-90)। ਇਹ ਵਿਚਾਰ ਅੱਗੇ 'ਯਜੁਰਵੇਦ' ਵਿਚ ਵੀ ਦਰਜ ਹੈ। ਕੀ ਆਧੁਨਿਕ ਗਿਆਨ ਜਾਂ ਵਿਗਿਆਨ ਇਸ ਪ੍ਰਕਾਰ ਜਨਮ-ਵਿਧੀ ਦੀ ਪੁਸ਼ਟੀ ਕਰਦਾ ਹੈ? ਬਾਕੀ ਰਹਿੰਦੀ ਕਸਰ ਮਨੂੰ ਸਿਮਰਤੀ ਨੇ ਇਹ ਕਹਿ ਕੇ ਪੂਰੀ ਕਰ ਦਿੱਤੀ, "ਸ਼ੂਦਰ ਨੂੰ ਕੋਈ ਜੁਗਤੀ ਨਾ ਦੱਸੋ। ਜੂਠ ਅਤੇ ਬਲੀ ਦਾ ਬਚਿਆ ਨਾ ਦੇਵੋ। ਉਨ੍ਹਾਂ ਨੂੰ ਉਪਦੇਸ਼ ਭੀ ਨਾ ਦਿਓ। (4/80)" ਤੇ ਹੋਰ, "ਚਮਾਰ ਦਾ ਅੰਨ ਯਸ਼ (ਵਡਿਆਈ) ਨੂੰ ਨਸ਼ਟ ਕਰਦਾ ਹੈ। (4/219)" ਤੁਲਸੀ ਦਾਸ ਜੀ ਵੀ ਪਿੱਛੇ ਨਹੀਂ ਰਹੇ। ਉਨ੍ਹਾਂ ਨੇ ਵੀ ਬੜ ਘਿਰਣਾ ਤੇ ਘੁਮੰਡ ਨਾਲ ਕਿਹਾ, "ਢੋਲ, ਗੰਵਾਰ, ਸ਼ੂਦਰ, ਪਸ਼ੂ, ਨਾਰੀ, ਸਕਲ ਤਾੜਨ ਕੇ ਅਧਿਕਾਰੀ॥ ਸੁੰਦਰ ਕਾਂਡ (62/3)" ਵੇਦ ਜਿਨ੍ਹਾਂ ਨੇ ਜਾਤੀ ਘਿਰਣਾ ਦਾ ਮੁੱਢ ਬੰਨ੍ਹਿਆ, ਵਿਚ ਦਰਜ ਹੈ, "ਹੇ ਇੰਦਰ! ਦੈਤਾਂ ਦੇ ਵੰਸ਼ ਨੂੰ ਜੜ੍ਹਾਂ ਤੋਂ ਨਸ਼ਟ ਕਰੋ।" (3-2-4/8-3-31-17 ਪੰਨਾ 498)। ਇਨ੍ਹਾਂ ਅੱਤਿਆਚਾਰਾਂ ਨੂੰ ਰੋਕਣ ਲਈ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਆਉਣ ਨਾਲ ਇਕ ਆਸ ਦੀ ਕਿਰਨ ਜਾਗੀ। ਗੁਰੂ ਜੀ ਨੇ ਇਨ੍ਹਾਂ ਨਿਰਦਈਆਂ ਨੂੰ ਹੋਸ਼ ਵਿਚ ਆਉਣ ਲਈ ਝੰਜੋੜਿਆ ਤੇ ਸਮਝਾਇਆ, "ਨੀਚ ਨੀਚ ਕਹਿ ਮਾਰੈਂ, ਜਾਨਤ ਨਹੀਂ ਨਿਦਾਨ। ਸਭ ਕਾ ਪਾਲਨ ਹਾਰ ਹਈ ਰਵਿਦਾਸ ਇਕ ਭਗਵਾਨ॥"

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਜਾਤੀ ਘਿਰਣਾ ਨੂੰ ਨਾਸ਼ ਕਰਨ ਲਈ ਸੰਘਰਸ਼ ਆਰੰਭਿਆ। ਲੋਕਾਈ ਨੂੰ ਸੰਦੇਸ਼ ਦੇਣ ਲਈ ਪਾਵਨ ਬਾਣੀ ਦੀ ਰਚਨਾ ਕੀਤੀ ਤੇ ਆਪਣੇ ਨਾਂਅ ਦੇ

ਨਾਲ ਘਿਰਣਾ ਦਾ ਸਾਧਨ ਬਣੇ ਸ਼ਬਦ '**ਚਮਾਰ**' ਨੂੰ ਆਪਣੇ ਨਾਂਅ ਦੇ ਨਾਲ ਬੜੀ ਅਣਖ਼ ਦੇ ਨਾਲ ਜੋੜਿਆ। "**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**", ਵਿਚ 40 ਸ਼ਬਦ, ਨਵੀਂ ਖੋਜੀ ਬਾਣੀ ਦੇ 125-150 ਸ਼ਬਦਾਂ ਵਿਚ ਅਤੇ ਕੋਈ ਢਾਈ ਸੌ ਸਲੋਕਾਂ ਵਿਚ ਕੋਈ 15 ਤੋਂ ਵੀਹ ਵਾਰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਆਪ ਨੂੰ ਸ਼ਬਦ '**ਚਮਾਰ**' ਦੇ ਨਾਲ ਸੰਬੋਧਨ ਕੀਤਾ ਹੈ ਜਿਵੇਂ, "**ਕਹਿ ਰਵਿਦਾਸ਼ ਖਲਾਸ ਚਮਾਰਾ॥**" ਤੇ "**ਊਚ ਨੀਚ ਕਿਹ ਵਿਧ ਭਏ ਬਾਮਨ ਅਰ ਚਮਾਰ॥**" ਅਤੇ, "**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥**" ਅਤੇ ਹੋਰ, "**ਚਰਨ ਸਰਨ ਰੈਦਾਸ (ਰਵਿਦਾਸ) ਚਮਈਯਾ॥**" ਆਦਿ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਸ਼ਬਦ '**ਚਮਾਰ**' ਦੀ ਬੜੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਹੈ। ਉਨ੍ਹਾਂ ਨੇ ਹਰ ਇਕ ਦੇਹਧਾਰੀ ਨੂੰ ਸਰੀਰਕ ਰੂਪ ਵਿਚ 'ਚਮਾਰ' ਮੰਨਿਆ ਹੈ। ਸ਼ਬਦ ਚਮਾਰ ਦਾ ਵਿਸ਼ਲੇਸ਼ਨ (Analysis) ਕੀਤਾ ਜਾਵੇ ਤਾਂ ਇਸ ਤੋਂ ਹੀ ਪੂਰਨ ਦੇਹੀ ਦਾ ਨਿਰਮਾਣ ਹੁੰਦਾ ਹੈ। ਜਿਵੇਂ ਸਰੀਰ ਦੇ ਉੱਪਰ ਚਮੜੀ ਹੈ ਇਸ ਦਾ ਲਿਆ ਪਹਿਲਾ ਅੱਖਰ 'ਚ'। ਫਿਰ ਚਮੜੀ ਹੇਠਾਂ ਮਾਸ ਹੈ ਇਸ ਤੋਂ ਲਿਆ ਅੱਖਰ 'ਮ'। ਮਾਸ ਦੇ ਹੇਠਾਂ ਅਸਥੀਆਂ (ਹੱਡੀਆਂ)। ਇਸ ਤੋਂ 'ਅ' ਭਾਵ 'ਾ' ਕੰਨਾ ਅਤੇ ਸਭ ਤੋਂ ਹੇਠਾਂ ਆਉਂਦਾ ਹੈ ਰਕਤ (ਖ਼ੂਨ) ਇਸ ਤੋਂ ਲਿਆ 'ਰ'। ਇਨ੍ਹਾਂ ਚਾਰ ਅੱਖਰਾਂ ਨੂੰ ਜੋੜਿਆ ਜਾਵੇ ਤਾਂ ਇਸ ਤੋਂ ਹਰ ਪ੍ਰਾਣੀ ਸਮੇਤ ਮਨੁੱਖ ਦਾ ਸਰੀਰ ਬਣਦਾ ਹੈ, '**ਚ + ਮ + ਾ + ਰ = ਚਮਾਰ॥**' ਬੜੇ ਸੁਚੱਜੇ ਤੇ ਢੁੱਕਵੇਂ ਢੰਗ ਨਾਲ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਪ੍ਰਾਣੀ ਦੀ ਦੇਹ ਦਾ ਚਿਤਰਣ ਕੀਤਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਿਸ ਦਾ ਸਰੀਰ ਹੈ ਉਹ ਭਾਵੇਂ ਮਨੁੱਖ, ਪਸ਼ੂ, ਪੰਛੀ, ਕੀੜੇ-ਮਕੌੜੇ ਜਾਂ ਜਲ-ਜੀਵ ਦੇ ਰੂਪ ਵਿਚ ਹੈ ਉਹ ਹੈ 'ਚਮਾਰ' ਜੋ ਦੇਹਿ (ਤਨ) ਰੂਪ ਵਿਚ ਨਹੀਂ ਹੈ ਉਹ ਹੈ 'ਆਤਮਾ'। ਜੋ ਆਪਣੇ ਅੰਸ਼ੀ 'ਪਰਮਾਤਮਾ' ਦਾ ਅੰਸ਼ ਹੁੰਦਾ ਹੈ। ਇਸ ਬ੍ਰਹਿਮੰਡ ਵਿਚ ਕੇਵਲ ਤੇ ਕੇਵਲ ਇਕੋ ਜਾਤੀ ਹੈ ਉਹ ਹੈ 'ਚਮਾਰ'। ਗੁਰੂ ਰਵਿਦਾਸ ਜੀ ਨੇ ਆਪਣੇ ਹੇਠ ਲਿਖੇ ਸ਼ਬਦ ਵਿਚ ਇਸ ਕਥਨ ਨੂੰ ਪਰਪੱਕ ਕੀਤਾ ਹੈ-

**"ਜਬ ਦੇਖਾ ਤਬ ਚਾਮੋ ਚਾਮ, ਚਾਮ ਮੰਦਰ ਮਾਹਿ ਖੇਲੈ ਰਾਮ॥ ਟੇਕ॥**

**ਚਾਮ ਕਾ ਊਠ ਚਾਮ ਕਾ ਨਗਾਰਾ, ਚਾਮੋ ਚਾਮ ਬਜਾਵਣ ਹਾਰਾ॥੧॥**

ਹੁਣ ਹਰ ਇਕ ਮਨੁੱਖ ਪ੍ਰਾਣੀ ਦਾ ਇਹ ਭੁਲੇਖਾ ਦੂਰ ਹੋ ਗਿਆ ਹੋਵੇਗਾ ਕਿ ਉਹ '**ਚਮਾਰ**' ਤੋਂ ਬਿਨਾਂ ਕੁਝ ਹੋਰ ਹੈ। ਇਸ ਲਈ ਹੁਣ ਅਸੀਂ ਬਿਨਾਂ ਸੰਕੋਚ ਕਹਿ ਸਕਦੇ ਹਾਂ ਕਿ ਸ਼ਬਦ 'ਚਮਾਰ' ਵਰਦਾਨ ਹੈ, ਸ਼ਰਾਪ ਨਹੀਂ। ਇਹ ਸੰਤਾਪ ਨਹੀਂ ਹੈ। ਇਹ ਹੀਨ ਭਾਵਨਾ ਦਾ ਸੂਚਕ ਨਹੀਂ ਹੈ ਸਗੋਂ '**ਅਣਖ**' ਤੇ 'ਸਵੈਮਾਣ' ਦਾ ਪ੍ਰਤੀਕ ਹੈ ਅਤੇ ਸੋਮਾ ਵੀ ਹੈ। ਇਸ ਦੀ ਪ੍ਰੋੜਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਕੀਤੀ ਹੈ, "**ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ, ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**" ਗੁਰੂ ਨਾਨਕ ਦੇਵ ਜੀ ਨੀਚਾ ਦੇ ਸਾਥ ਸੰਗ ਇਸ ਲਈ ਰਹਿਣਾ ਪਸੰਦ ਕਰਦੇ ਸਨ ਕਿਉਂਕਿ ਇਹ ਆਦਿ ਵਾਸੀ (ਧਰਮੀ) ਪਵਿੱਤਰ ਆਤਮਾਵਾਂ ਹਨ ਜੋ ਛਲ ਰਹਿਤ, ਕਠੋਰ ਮਿਹਨਤੀ, ਇਮਾਨਦਾਰ, ਪ੍ਰਾਕ੍ਰਿਤੀ ਪੂਜਕ ਤੇ ਇਕੋ ਪ੍ਰਭੂ ਪਰਮਾਤਮਾ (੧ੴ) ਨੂੰ ਮੰਨਦੇ ਹਨ। "**ਜਿਥੈ ਨੀਚ ਸਮਾਲੀਅਨਿ**" (ਚਿੰਤਨ ਜਾਂ ਸਮਰਪਣ) ਕਰਦੇ ਹਨ ਉਥੇ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਪੈ ਜਾਂਦੀ ਹੈ।

ਜਨਮ ਜਾਤੀ ਵਿਤਕਰਾ ਇਕ '**ਸਮਾਜਿਕ ਕਲੰਕ**' ਹੈ। ਮਾਨਵਤਾ ਦਾ ਅਪਮਾਨ ਹੈ। ਪ੍ਰਭੂ ਭਗਵਾਨ ਤੋਂ ਬੇਮੁੱਖ ਹੋਣਾ ਹੈ। ਪ੍ਰਭੂ ਦੀ ਵਿਧੀ ਵਿਰੁੱਧ ਵਿਦਰੋਹ ਹੈ। ਏਸੇ ਕਰਕੇ ਸੰਤ ਗੁਰੂ ਕਬੀਰ ਨੇ

ਇਨ੍ਹਾਂ ਪ੍ਰਭੂ ਵਿਦਰੋਹੀਆਂ ਨੂੰ ਪਿਆਰ ਨਾਲ ਵੀ ਸਮਝਾਇਆ, "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥" ਇਸੇ ਵਿਚਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਿਹਾ, "ਏਕ ਪਿਤਾ ਏਕਸ ਕੇ ਹਮ ਬਾਰਿਕ ॥"

ਇਸ ਭਾਰਤ ਦੇਸ਼ ਵਿਚ ਪ੍ਰਾਕ੍ਰਿਤਕ (Natural) ਰੂਪ ਵਿਚ ਪੈਦਾ ਹੋਏ ਇਸ ਦੇ ਮਾਲਕ ਆਦਿਵਾਸੀ ਵੀਰੋ ਤੇ ਭੈਣੋ! ਜੇਕਰ ਤੁਸੀਂ 'ਚਮਾਰ' ਹੋਣ ਦੀ ਹੀਨਭਾਵਨਾ (Inferiority Complex) ਦਾ ਤਿਆਗ ਕਰਕੇ ਇਸ ਵਿਚੋਂ ਨਿਕਲ ਚੁੱਕੇ ਹੋ ਤਾਂ ਮੈਂ ਦੂਜੀ ਗੱਲ ਕਹਿਣ ਦੀ ਆਗਿਆ ਚਾਹੁੰਦਾ ਹਾਂ। ਹਜ਼ਾਰਾਂ ਸਦੀਆਂ ਪਹਿਲਾਂ ਪ੍ਰਭੂ ਨੇ ਤੁਹਾਨੂੰ ਸੁੱਖ ਤੇ ਖੁਸ਼ਹਾਲੀ ਦੀ ਦਾਤ ਬਖਸ਼ੀ ਸੀ। ਜਿਸ ਨੂੰ ਵਿਦੇਸ਼ੀਆਂ ਤੁਹਾਡੇ ਕੋਲੋਂ ਖੋਹ ਲਿਆ। ਸਮਾਂ ਪਰਿਵਰਤਨਸ਼ੀਲ ਹੈ। ਸੁੱਖ ਪਿੱਛੋਂ ਦੁੱਖ ਤੇ ਦੁੱਖ ਵਿਚੋਂ ਸੁੱਖ ਆਉਂਦਾ ਹੈ। ਸਮਾਂ ਉੱਚੀ-ਉੱਚੀ ਦੁਹਾਈ ਦੇ ਕੇ ਕਹਿ ਰਿਹਾ ਹੈ ਆਓ! ਮੇਰੇ ਕੋਲੋਂ ਸੁੱਖ, ਸੰਪਤੀ ਤੇ ਮਨ ਦੀ ਸ਼ਾਂਤੀ ਲੈ ਲਓ। ਸਮੇਂ ਦੀ ਪੁਕਾਰ ਸੁਣੋ! ਤੁਸੀਂ ਆਪਸੀ ਪਿਆਰ ਵਧਾਓ। ਚੰਗੀ ਤੋਂ ਚੰਗੀ ਤੇ ਉੱਚੀ ਤੋਂ ਉੱਚੀ ਵਿੱਦਿਆ ਪ੍ਰਾਪਤ ਕਰੋ। ਨੇਕੀ ਕਰੋ। ਪਰਉਪਕਾਰ ਕਮਾਓ। ਸੱਚ ਦਾ ਪੱਲਾ ਫੜੋ। ਕਠੋਰ ਮਿਹਨਤ ਆਪਣੇ ਲਈ ਕਰੋ। ਆਪਣੇ ਬਿਬੇਕ ਦੀਪ ਮਲੀਨ ਨੂੰ ਪਵਿੱਤਰ ਕਰੋ। ਤੁਹਾਡੇ ਵਿਚ ਯੋਗਤਾ ਦਾ ਭੰਡਾਰ ਹੈ। ਤੁਸੀਂ ਭਾਈ ਜੀਵਨ ਸਿੰਘ, ਭਾਈ ਜੈਤਾ ਜੀ ਵਾਂਗ ਰੰਗਰੇਟੇ ਗੁਰੂ ਕੇ ਬੇਟੇ ਹੋ। ਤੁਹਾਡੇ ਵਿਚ ਭਾਈ ਸੰਗਤ ਸਿੰਘ ਵਾਂਗ ਮਹਾਨ ਯੋਧਾ ਬਨਣ ਦੀ ਯੋਗ ਵੀਰਤਾ ਹੈ। ਮਹਾਰਾਣਾ ਪ੍ਰਤਾਪ ਦੀ ਭੀਲਾਂ ਦੇ ਰੂਪ ਵਿਚ ਜੀਵਨ ਬਚਾਉਣ ਰੱਖਿਆ ਕਰਨ ਦੀ ਸ਼ਕਤੀ ਹੈ। ਸ੍ਰੀ ਗੁਰੂ ਰਵਿਦਾਸ ਜੀ ਵਾਂਗ ਨਿਰਦਈ ਸਮਾਜ ਨਾਲ ਟੱਕਰ ਲੈਣ ਦੀ ਸ਼ਕਤੀ ਹੈ। ਕ੍ਰਾਂਤੀ ਲਿਆਉਣ ਦੀ ਸ਼ਕਤੀ ਹੈ। ਭਾਨਮਤੀ, ਰਾਣੀ ਝਾਲੀ ਤੇ ਮੀਰਾਂ ਬਾਈ ਇਸਤਰੀ ਵਰਗ ਦਾ ਸਤਿਕਾਰ ਕਰਨ ਦੀ ਹਿੰਮਤ ਹੈ। ਮਹਾਂਰਿਸ਼ੀ ਵਾਲਮੀਕਿ ਜੀ ਵਾਂਗ ਰਾਵਣ ਦੇ ਵਿਜੇਤਾ ਨੂੰ ਦੋ ਬਾਲਕਾਂ ਹੱਥੋਂ ਬੰਦੀ ਬਨਾਉਣ ਦੀ ਯੋਗਤਾ ਸ਼ਕਤੀ ਹੈ। ਗੁਰੂ ਕਬੀਰ ਜੀ ਵਾਂਗ ਜਾਤਿ ਹੰਕਾਰੀਆਂ ਨੂੰ ਹੋਰ ਬਾਟ ਆਉਣ ਦੀ ਫਟਕਾਰ ਲਾਉਣ ਦਾ ਸਾਹਸ ਹੈ। ਸੰਤ ਤੁਕਾ ਰਾਮ, ਸੰਤ ਨਾਮ ਦੇਵ, ਜਯੋਤੀ ਰਾਓ ਫੂਲੇ ਤੁਸੀਂ ਹੋ। ਭਾਰਤ ਦੇ ਸੰਵਿਧਾਨ ਘਾੜੇ ਡਾ. ਅੰਬੇਡਕਰ ਤੁਸੀਂ ਹੋ। ਪਾਵਨ ਧਰਮ ਦੀ ਦਹਕਦੀ ਚੰਗਾਰੀ ਤੁਸੀਂ ਹੋ। ਸਮਾਜ ਵਿਚ ਕ੍ਰਾਂਤੀ ਲਿਆਉਣ ਦੀ ਜਵਾਲਾ ਤੁਹਾਡੇ ਅੰਦਰ ਹੈ। ਮਰ ਮਿਟਣ ਦੀ ਭਾਵਨਾ ਤੁਹਾਡੇ ਅੰਦਰ ਹੈ। ਬੱਸ ਲੋੜ ਹੈ ਇਕ ਹੰਭਲਾ ਮਾਰਨ ਦੀ। ਕਮਰਕੱਸੇ ਕਰ ਕੇ ਸਮਾਜ ਵਿਚੋਂ ਜਾਤੀ ਘਿਰਣਾ ਦਾ ਵਿਸ਼ ਧੋਣ ਲਈ ਉਦੋਂ ਤੱਕ ਯਤਨਸ਼ੀਲ ਰਹੋ। ਜਦੋਂ ਤੱਕ ਜਾਤੀ ਘਿਰਣਾ ਦੇ ਪਾਪੀ ਇਹ ਨਾ ਕਹਿ ਦੇਣ ਕਿ ਅਸੀਂ 'ਚਮਾਰ' ਹਾਂ।

ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਮਾਇਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਤੁਸੀਂ ਭੇਟਾ ਚੈੱਕ, ਮਨੀਆਰਡਰ, ਬੈਂਕ ਡਰਾਫ਼ਟ ਜਾਂ ਮੋਬਾਇਲ ਫ਼ੋਨ ਪੈਸਾ ਟ੍ਰਾਂਸਫਰ ਜ਼ਰੀਏ ਸੰਸਥਾ ਦੇ ਅਕਾਊਂਟ ਵਿਚ ਭੇਜ ਸਕਦੇ ਹੋ।

**SRI GURU RAVIDASS MISSION PARCHAR SANSTHA PUNJAB (Regd.)**

**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ



ਬਖਸ਼ੀ ਰਾਮ ਦਰਾਵਾਂ
88726-92300

**ਲੈਵੀ** - ਚਾਚੀ ਜੀ, ਕੀ ਗੱਲ ਹੈ ਅੱਜ ਬੜੇ ਖੁਸ਼ ਹੋ?

**ਚਾਚੀ** - ਲੈਵੀ, ਤੈਨੂੰ ਪਤਾ ਨਹੀਂ ਕਿ ਅੱਜ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਹੈ।

**ਲੈਵੀ** - ਉਹ ਮੇਰੀ ਭੋਲੀ ਚਾਚੀ ਮੈਂ ਤਾਂ ਭੁੱਲ ਹੀ ਗਈ।

**ਚਾਚੀ** - ਮੇਰੀ ਬੱਚੀਏ ! ਇਹ ਮੁਬਾਰਕ ਦਿਨ ਭੁੱਲਣ ਵਾਲਾ ਨਹੀਂ। ਗੁਰੂ ਰਵਿਦਾਸ ਜੀ ਦੀ ਕ੍ਰਿਪਾ ਨਾਲ ਸਾਡੇ ਸਮਾਜ ਨੂੰ ਸਨਮਾਨਜਨਕ ਜੀਵਨ ਜਿਉਣ ਦਾ ਹੱਕ ਮਿਲਿਆ ਹੈ।

**ਲੈਵੀ** - ਚਾਚੀ ! ਮੈਨੂੰ ਗੁਰੂ ਜੀ ਬਾਰੇ ਕੁਝ ਹੋਰ ਵੀ ਦੱਸੋ।

**ਚਾਚੀ** - ਗੁਰੂ ਜੀ ਬਹੁਤ ਮਿਹਨਤੀ ਸਨ। ਆਪਣੀ ਹੱਕ-ਹਲਾਲ ਦੀ ਕਮਾਈ ਕਰਕੇ ਖਾਂਦੇ ਸਨ ਅਤੇ ਗਰੀਬਾਂ, ਦੁਖੀਆਂ ਅਤੇ ਲੋੜਮੰਦਾਂ ਦੀ ਸੇਵਾ ਵੀ ਕਰਦੇ ਸਨ।

**ਲੈਵੀ** - ਕੀ ਗੁਰੂ ਜੀ ਬਹੁਤ ਵੱਡੇ ਅਤੇ ਆਲੀਸ਼ਾਨ ਮੰਦਿਰ ਵਿਚ ਰਹਿੰਦੇ ਹਨ?

**ਚਾਚੀ** - ਨਹੀਂ ਲੈਵੀ ! ਗੁਰੂ ਜੀ ਨੂੰ ਇਹਨਾਂ ਵਸਤਾਂ ਨਾਲ ਮੋਹ ਨਹੀਂ ਸੀ। ਉਹ ਕੱਖਾਂ-ਕਾਨਿਆਂ ਦੀ ਬਣਾਈ ਕੁੱਲੀ ਵਿਚ ਰਹਿੰਦੇ ਸਨ ਪਰ ਉਨ੍ਹਾਂ ਦਾ ਮਨ ਮੰਦਿਰ ਬਹੁਤ ਹੀ ਪਾਕਿ-ਪਵਿੱਤਰ ਸੀ। ਹਰ ਪ੍ਰਾਣੀ ਲਈ ਉਨ੍ਹਾਂ ਦੇ ਮਨ-ਮੰਦਿਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿੰਦੇ ਸਨ।

**ਲੈਵੀ** - ਚਾਚੀ ! ਗੁਰੂ ਜੀ ਬਹੁਤ ਪੜ੍ਹੇ-ਲਿਖੇ ਹੋਣਗੇ।

**ਚਾਚੀ** - ਲੈਵੀ ! ਗੁਰੂ ਜੀ ਦੁਨਿਆਵੀ ਪੜ੍ਹਾਈ ਭਾਵੇਂ ਬਹੁਤੀ ਨਹੀਂ ਪੜ੍ਹੇ ਸਨ ਪਰ ਉਨ੍ਹਾਂ ਦੀ ਅਧਿਆਤਮਕ ਪੜ੍ਹਾਈ ਬਹੁਤ ਉੱਚੀ ਸੀ। ਉਹ ਪੰਜਾਬੀ, ਹਿੰਦੀ, ਅਰਬੀ, ਫ਼ਾਰਸੀ, ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਬਾਰੇ ਵੀ ਜਾਣਦੇ ਸਨ। ਅਜਿਹਾ ਉਨ੍ਹਾਂ ਦੀ ਬਾਣੀ ਪੜ੍ਹਨ ਤੋਂ ਪਤਾ ਲੱਗਦਾ ਹੈ।

**ਲੈਵੀ** - ਚਾਚੀ ! ਗੁਰੂ ਜੀ ਨੇ ਕਿੰਨੀ ਬਾਣੀ ਉਚਾਰੀ ਹੈ?

**ਚਾਚੀ** - ਲੈਵੀ ! ਗੁਰੂ ਜੀ ਨੇ ਬਹੁਤ ਸਾਰੀ ਬਾਣੀ ਉਚਾਰਨ ਕੀਤੀ ਹੈ। 40 ਸ਼ਬਦ ਅਤੇ 1 ਸਲੋਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

**ਲੈਵੀ** - ਮੈਂ ਸੁਣਿਆ ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ।

**ਚਾਚੀ** - ਨਹੀਂ, ਲੈਵੀ ਪੁੱਤ ! ਗੁਰੂ ਰਵਿਦਾਸ ਜੀ ਦੇ ਗੁਰੂ ਪਾਰਬ੍ਰਹਮ ਪਰਮਾਤਮਾ ਸਨ। ਜਿਸ ਨੂੰ ਉਹ ਆਪਣੀ ਬਾਣੀ ਵਿਚ ਹਰਿ, ਮਾਧੋ, ਗੁਸਈਆ ਰਾਮ ਆਦਿ ਵੀ ਕਹਿੰਦੇ ਸਨ।

**ਲੈਵੀ** - ਉਹ ਚਾਚੀ, ਮੈਨੂੰ ਤਾਂ ਪੁੱਛਣ ਦਾ ਯਾਦ ਹੀ ਭੁੱਲ ਗਿਆ ਕਿ ਗੁਰੂ ਜੀ ਦਾ ਜਨਮ ਕਿੱਥੇ ਹੋਇਆ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਨਾਂ ਕੀ ਸੀ?

**ਚਾਚੀ** - ਗੁਰੂ ਜੀ ਦਾ ਜਨਮ ਸੀਰਗੋਵਰਧਨਪੁਰ ਵਾਰਾਨਸੀ ਉੱਤਰ ਪ੍ਰਦੇਸ਼ ਵਿਖੇ ਪਿਤਾ ਸ੍ਰੀ ਸੰਤੋਖਦਾਸ, ਮਾਤਾ ਕਲਸੀ ਦੇਵੀ ਦੇ ਘਰ ਹੋਇਆ।

ਲੈਵੀ - ਗੁਰੂ ਜੀ ਮੰਦਿਰ ਵਿਚ ਧੂਫ਼, ਦੀਵੇ, ਫੁੱਲ, ਪ੍ਰਸ਼ਾਦ ਅਤੇ ਆਰਤੀ ਵੀ ਕਰਦੇ ਹੋਣਗੇ?

ਚਾਚੀ - ਨਹੀਂ ਲੈਵੀ ! ਗੁਰੂ ਜੀ ਧੂਫ਼, ਦੀਵੇ, ਫੁੱਲ ਅਤੇ ਪ੍ਰਸ਼ਾਦ ਨੂੰ ਪਰਮਾਤਮਾ ਦੀ ਭਗਤੀ ਲਈ ਤੁੱਛ ਸਮਝਦੇ ਸਨ। ਉਨ੍ਹਾਂ ਦਾ ਤਾਂ ਹੁਕਮ ਹੈ, "ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨ ਪਾਵਉ ॥" ਭਾਵ ਪ੍ਰਭੂ ਪੂਜਾ ਲਈ ਆਪਣਾ ਤਨ-ਮਨ ਅਰਪਣ ਕਰ ਦੇਵੋ ਅਤੇ ਬ੍ਰਹਮ ਗੁਰੂ ਦੀ ਕ੍ਰਿਪਾ ਨਾਲ ਉਸ ਨੂੰ (ਪ੍ਰਭੂ ਨੂੰ) ਪ੍ਰਾਪਤ ਕਰੋ।

ਲੈਵੀ - ਚਾਚੀ ! ਕੀ ਗੁਰੂ ਜੀ ਦੇ ਆਗਮਨ ਪੁਰਬ 'ਤੇ ਪਟਾਕੇ ਅਤੇ ਆਤਿਸ਼ਬਾਜ਼ੀ ਚਲਾਉਣੀ ਚਾਹੀਦੀ ਹੈ?

ਚਾਚੀ - ਨਹੀਂ ਲੈਵੀ ! ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਾਨੂੰ ਧੂੰਏਂ ਅਤੇ ਸ਼ੋਰ-ਸ਼ਰਾਬੇ ਦਾ ਪ੍ਰਦੂਸ਼ਣ ਨਹੀਂ ਫੈਲਾਉਣਾ ਚਾਹੀਦਾ। ਹਾਂ, ਸਾਨੂੰ ਘਰਾਂ ਵਿਚ ਦੀਪਮਾਲਾ ਜ਼ਰੂਰ ਕਰਨੀ ਚਾਹੀਦੀ ਹੈ।

ਲੈਵੀ - ਵਾਹ ਚਾਚੀ ! ਗੁਰੂ ਜੀ ਦੇ ਜਨਮ ਦਿਹਾੜੇ 'ਤੇ ਨਗਰ ਕੀਰਤਨ 'ਤੇ ਲੱਗੇ ਡੀ.ਜੇ. ਉਤੇ ਭੰਗੜੇ ਪਾਵਾਂਗੇ।

ਚਾਚੀ - ਨਹੀਂ ਲੈਵੀ ! ਨਗਰ ਕੀਰਤਨ 'ਤੇ ਸਾਨੂੰ ਡੀ.ਜੇ. ਲਗਾ ਕੇ ਸ਼ੋਰ-ਸ਼ਰਾਬਾ ਨਹੀਂ ਕਰਨਾ ਚਾਹੀਦਾ। ਸਗੋਂ ਗੁਰੂ ਜੀ ਦੀ ਬਾਣੀ ਦਾ ਕੀਰਤਨ ਕਰਨਾ ਚਾਹੀਦਾ ਹੈ।

ਲੈਵੀ - ਅੱਜ ਗੁਰੂ ਜੀ ਦੇ ਜਨਮ ਦਿਨ 'ਤੇ ਮੌਜਾਂ ਲੱਗ ਜਾਣਗੀਆਂ, ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਤੇ ਪਕੌੜੇ ਖਾਣ ਨੂੰ ਮਿਲਣਗੇ।

ਚਾਚੀ - ਉਹ ਬੱਚੀਏ ! ਤੂੰ ਆਹ ਕੀ ਸੋਚ ਰਹੀ ਏ? ਜੋ ਸਾਨੂੰ ਹਰ ਰੋਜ਼ ਘਰਾਂ ਵਿਚ ਖਾਣ ਨੂੰ ਮਿਲਦਾ ਹੈ, ਉਹ ਗੁਰੂ ਜੀ ਦੀ ਰਹਿਮਤ ਹੈ। ਜਨਮ ਦਿਹਾੜੇ 'ਤੇ ਸਾਨੂੰ ਸਾਦੇ ਲੰਗਰ ਲੋੜ ਅਨੁਸਾਰ ਛਕਣੇ ਤੇ ਛਕਾਉਣੇ ਚਾਹੀਦੇ ਹਨ ਅਤੇ ਕੂੜਾ-ਕਰਕਟ ਵੀ ਨਹੀਂ ਖਿਲਾਰਨਾ ਚਾਹੀਦਾ। ਹਾਂ, ਆਪਣੀ ਆਤਮਾ ਨੂੰ ਗੁਰੂ ਜੀ ਦੇ ਗਿਆਨ ਦਾ ਭੋਜਨ ਦੇ ਕੇ ਬਲਵਾਨ ਬਣਾਉਣਾ ਚਾਹੀਦਾ ਹੈ।


ਲੈਵੀ - ਚਾਚੀ ਜੀ ! ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਤਾਂ ਮੈਨੂੰ ਗੁਰੂ ਜੀ ਦੀ ਬਾਣੀ ਦਾ ਅਸਲੀ ਗਿਆਨ ਦੇ ਕੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਮੈਂ ਤਾਂ ਐਵੇਂ ਹੀ ਭਟਕ ਰਹੀ ਸੀ।

ਚਾਚੀ - ਚੰਗਾ ਲੈਵੀ ! ਗੁਰੂ ਘਰ ਵਿਖੇ ਕੀਰਤਨ ਆਰੰਭ ਹੋ ਗਿਆ ਹੋਣੈ। ਤੂੰ ਚੱਲ ਮੈਂ ਵੀ ਤੇਰੇ ਮਗਰ ਹੀ ਆਉਂਦੀ ਹਾਂ। ਚੰਗਾ ਫਿਰ ਜੈ ਗੁਰੂਦੇਵ !

ਲੈਵੀ - ਚਾਚੀ ਰੁਕੋ ! ਮੈਨੂੰ ਦੱਸੋ ਕਿ ਮੈਂ ਤੁਹਾਨੂੰ ਜੈ ਗੁਰੂਦੇਵ ਦਾ ਕੀ ਜਵਾਬ ਦੇਵਾਂ?

ਚਾਚੀ - ਲੈਵੀ, ਪਹਿਲਾਂ ਬੁਲਾਉਣ ਵਾਲਾ ਜੈ ਗੁਰਦੇਵ ਆਖਦਾ ਹੈ ਅਤੇ ਦੂਸਰਾ ਧੰਨ ਗੁਰਦੇਵ ਕਹਿ ਕੇ ਗੁਰੂ ਸਾਹਿਬਾਨਾਂ ਦਾ ਸਤਿਕਾਰ ਕਰਦਾ ਹੈ।

ਲੈਵੀ - ਚਾਚੀ ਜੀ, ਧੰਨ ਗੁਰਦੇਵ ! ਹੁਣ ਮੈਂ ਗੁਰੂ ਘਰ ਰਵਾਨਾ ਹੁੰਦੀ ਹਾਂ।



## "ਗੁਰੂ ਰਵਿਦਾਸ ਜੀ ਦੀ ਮਹਿਮਾ"

ਕੀ ਲੈਣਾ ਮਾਣ ਵਧਾ ਕੇ,
ਮੇਰਾ ਸਤਿਗੁਰ ਮਾਣ ਨਿਮਾਣਿਆਂ ਦਾ।
ਬਹਿ ਜਾ ਇਕ ਥਾਂ ਮਨ ਟਿਕਾ ਕੇ ,
ਕਾਂਸ਼ੀ ਵਾਲਾ ਮਾਣ ਨਿਮਾਣਿਆਂ ਦਾ।
ਗਰੀਬ ਨਿਵਾਜ ਗੁਸਈਆਂ ਮੇਰਾ, ਮਾਥੈ ਛਤ੍ਰ ਧਰੈ।
ਮੇਰਾ ਸਤਿਗੁਰ.....................................।
ਜਦ ਵੀ ਧਿਆਵੋ, ਉਦੋਂ ਹੀ ਆਵੇ।
ਲਾਜ ਸੇਵਕ ਦੀ ਆਪ ਰਖਾਵੇ।
ਤੁਸੀਂ ਦੇਖ ਲਓ ਅਜਮਾ ਕੇ
ਮੇਰਾ ਸਤਿਗੁਰ.....................................।
ਜਿਥੇ ਸਿਮਰੋ ਉੱਥੇ ਆਵੇ
ਆਪੇ ਆਪਣੀ ਚਰਨੀਂ ਲਾਵੇ।
ਰੱਖੇ ਸੂਲੀ ਤੋਂ ਸੂਲ ਬਣਾ ਕੇ,
ਮੇਰਾ ਸਤਿਗੁਰ.....................................।
ਜਦੋਂ ਸਤਿਗੁਰੂ ਮਿਹਰ ਹੈ ਕਰਦਾ
ਸੇਵਕ ਫਿਰ ਸੱਚ ਖੰਡ ਵਿਚ ਵੜਦਾ
ਉਹ ਤਾਂ ਬਹਿ ਜਾਵੇ ਜਗ ਭੁਲਾ ਕੇ
ਮੇਰਾ ਸਤਿਗੁਰ.....................................।
ਬਾਂਹ ਪਕੜ ਕੇ ਪਾਰ ਲੰਘਾਵੇ
ਧਰਮ ਰਾਜ ਦੇ ਕਾਗਜ਼ ਫਾੜੇ
'ਲਾਲ' ਬੈਠਾ ਦਰ 'ਤੇ ਜਾ ਕੇ॥
ਮੇਰਾ ਸਤਿਗੁਰ ਮਾਣ ਨਿਮਾਣਿਆਂ ਦਾ
ਕੀ ਲੈਣਾ ਮਾਣ ਵਧਾ ਕੇ, ਮੇਰਾ ਸਤਿਗੁਰ ਮਾਣ ਨਿਮਾਣਿਆਂ ਦਾ।





ਸੂਬੇਦਾਰ ਮੇਜਰ
ਪਿਆਰੇ ਲਾਲ
ਗ੍ਰੈਜੂਏਟ
ਪਿੰਡ ਚੁਖਿਆਰਾ
(ਜਲੰਧਰ)
98156-92838

ਇਕ ਇਨਸਾਨ ਦੇ ਸੰਘਰਸ਼ ਨੇ ਕਰੋੜਾਂ ਲੋਕਾਂ ਦਾ ਸੁਪਨਾ ਪੂਰਾ ਕਰ ਦਿੱਤਾ, ਪਰ ਬੜੇ ਦੁੱਖ ਦੀ ਗੱਲ ਹੈ ਕਿ ਕਰੋੜਾਂ ਲੋਕ ਮਿਲ ਕੇ ਵੀ ਇਕ ਇਨਸਾਨ ਦਾ ਸੁਪਨਾ ਪੂਰਾ ਨਹੀਂ ਕਰ ਸਕੇ।

ਜੈ ਭੀਮ !



## ਇਨਕਲਾਬੀ ਰਹਿਬਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ੬੩੮ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ




ਮਿਸ਼ਨ ਪ੍ਰਚਾਰਕ ਰਾਗੀ ਜਥਾ ਭਾਈ ਦਿਲਬਾਗ ਸਿੰਘ ਅਤੇ ਸਾਥੀ ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ, ਮੋਬਾਈਲ 94635-27110, 97811-12944

## ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 638ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ



ਰਛਪਾਲ ਸਿੰਘ ਬੱਧਣ
ਚੇਅਰਮੈਨ



ਸੂਬੇਦਾਰ ਮੇਜਰ ਪਿਆਰੇ ਲਾਲ
ਗ੍ਰੈਜੂਏਟ (ਚੁਖਿਆਰਾ)



ਤੋਤਾ ਮੱਲ ਆਹਨਖੇੜੀ
(ਮਲੇਰਕੋਟਲਾ)



ਗੁਰਮੇਲ ਸਿੰਘ ਬਜਰੌਰ
(ਹੁਸ਼ਿਆਰਪੁਰ)



ਸੂਬੇਦਾਰ ਹੰਸ ਰਾਜ
(ਭੋਗਪੁਰ)



ਬਲਜਿੰਦਰ ਪਾਲਨੌਂ
(ਫਿਲੌਰ)

## ਵਿਸ਼ਵ ਸਾਂਝੀਵਾਲਤਾ ਦੇ ਪੁੰਜ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 638ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਸ੍ਰੀ ਜੋਗਿੰਦਰ ਪਾਲ, ਪਿੰਡ ਪਨਾਮ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੀ ਰਿਟਾਇਰਮੈਂਟ ਮੌਕੇ ਮਿਸ਼ਨ ਪ੍ਰਚਾਰ ਲਈ 3100 ਰੁ. ਦਾ ਯੋਗਦਾਨ ਪਾਇਆ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਗੁਰਬਖ਼ਸ਼ ਕੌਰ ਜੀ



ਲਵਨ ਕੈਨੇਡੀਅਨ



ਮਨਜੋਤ ਅਤੇ ਵਿਕਰਾਂਤ
ਪਿਤਾ ਸ੍ਰੀ ਅਮਰੀਕ ਪਾਲ ਪਿੰਡ ਬਿਨਪਾਲਕੇ



ਪੱਪੀ ਧੁਦਿਆਲਵਾਲਾ